

SO KAHIYAT HAI SOORA (Monthly)
Volume 8 Issue 08
August 2022, S.A.S. Nagar (Mohali).

RNI Registration No: PUNPUN/2015/61118

ਅਗਸਤ 2022
ਸਾਵਣ-ਭਾਦੋਂ
੫੫੪ ਨਾਨਕਸ਼ਾਹੀ
₹ 20

# ਸੋ ਕਹੀਅਤ ਹੈ ਸੂਰਾ

## ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਵਾਤਾਵਰਨ ਸੰਭਾਲ ਸਬੰਧੀ ਚੇਤਨਾ

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਅਜੋਕੇ ਸਮੇਂ ਵਿਚ ਵਾਤਾਵਰਨ

ਅਜੋਕੇ ਸਮੇਂ ਵਿਚ ਵਾਤਾਵਰਨ ਪ੍ਰਦੂਸ਼ਣ ਦਾ ਵਰਤਾਰਾ ਸਮੁੱਚੇ ਸੰਸਾਰ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਮਨੁੱਖੀ ਜਨਸੰਖਿਆ ਵਿਚ ਲਗਾਤਾਰ ਵਾਧਾ, ਉਦਯੋਗਿਕ ਵਿਕਾਸ ਦੀ ਤੀਬਰ ਗਤੀ, ਵਿਗਿਆਨ ਅਤੇ ਤਕਨਾਲੌਜੀ ਦੀ ਆਮਦ ਨੇ ਸਾਡੇ ਵਾਤਾਵਰਨ ਅਤੇ ਕੁਦਰਤੀ ਸੋਮਿਆਂ ਦੇ ਆਧਾਰ ਨੂੰ ਵੱਡੀ ਢਾਹ ਲਾਈ ਹੈ। ਭਾਵੇਂਕਿ ਮਨੁੱਖ ਨੇ ਵਿਗਿਆਨਕ ਉੱਨਤੀ ਸਦਕਾ ਜੀਵਨ ਜਿਊਣ ਲਈ ਅਨੇਕ ਪ੍ਰਕਾਰ ਦੀਆਂ ਸੁਖ-ਸਹੂਲਤਾਂ ਦੇ ਸਾਧਨ ਸਿਰਜ ਲਏ ਹਨ ਪਰ ਇਸ ਦੇ ਸਾਕਾਰਾਤਮਕ (ਉਸਾਰੂ) ਪਹਿਲੂਆਂ ਦੀ ਨਿਸਬਤ ਨਕਾਰਾਤਮਕ (ਢਾਊ) ਪੱਖਾਂ ਨੇ ਵੀ ਮਾਨਵੀ ਜੀਵਨ ਦੀਆਂ ਸਮੱਸਿਆਵਾਂ ਵਿਚ ਵੱਡੀ ਮਾਤਰਾ ਵਿਚ ਵਾਧਾ ਕੀਤਾ ਹੈ। ਵਿਗਿਆਨ ਮੂਲ ਰੂਪ ਵਿਚ ਮਨੁੱਖ ਦੀ ਬਿਹਤਰੀ ਲਈ ਈਜਾਦ ਕੀਤਾ ਵਿਧਾਨ ਹੈ, ਜਿਸ ਨੂੰ ਮਨੁੱਖ ਨੇ ਆਪਣੇ ਸਵਾਰਥ ਦੀ ਪੂਰਤੀ ਲਈ ਗ਼ਲਤ ਦਿਸ਼ਾ ਵਿਚ ਇਸਤੇਮਾਲ ਕਰਦਿਆਂ ਮਾਨਵੀ ਵਿਨਾਸ਼ ਦਾ ਆਧਾਰ ਬਣਾ ਲਿਆ ਹੈ। ਵਿਗਿਆਨ ਅਤੇ ਤਕਨਾਲੌਜੀ ਦੇ ਵਿਕਾਸ ਨੇ ਮਨੁੱਖ ਨੂੰ ਕੁਦਰਤੀ ਸੋਮਿਆਂ ਉੱਪਰ ਆਪਣਾ ਗ਼ਲਬਾ ਕਾਇਮ ਕਰਨ ਅਤੇ ਇਨ੍ਹਾਂ ਦੀ ਆਪਣੇ ਸਵਾਰਥਾਂ ਦੀ ਪੂਰਤੀ ਹਿੱਤ ਵਰਤੋਂ ਕਰਨ ਲਈ ਉਕਸਾਇਆ ਹੈ ਜਿਸ ਕਾਰਨ ਕੁਦਰਤ ਦਾ ਸੰਤੁਲਨ ਵਿਗੜਨਾ ਸੁਭਾਵਿਕ ਸੀ ਅਤੇ ਇਸ ਦੇ ਮਾੜੇ ਪ੍ਰਭਾਵਾਂ ਨੇ ਜੀਵਨ ਅਤੇ ਕੁਦਰਤ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ। ਵਰਤਮਾਨ ਸਮੇਂ ਵਿਚ ਮਨੁੱਖ ਹਵਾ-ਪ੍ਰਦੂਸ਼ਣ, ਪਾਣੀ-ਪ੍ਰਦੂਸ਼ਣ, ਭੂ-ਪ੍ਰਦੂਸ਼ਣ ਆਦਿਕ ਦਰਪੇਸ਼ ਸਮੱਸਿਆਵਾਂ ਨਾਲ ਜੂਝ ਰਿਹਾ ਹੈ।

# SO KAHIYAT HAI SOORA

(Monthly)

RNI NO: PUNPUN/2015/61118

Volume 8 Issue 08



ਸਰਪ੍ਰਸਤ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।

ਕਾਰਜਕਾਰੀ ਸੰਪਾਦਕ

ਭਾਈ ਮਨਵੀਰ ਸਿੰਘ

ਕਾਨੂੰਨੀ ਸਲਾਹਕਾਰ

ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ

ਸਲਾਹਕਾਰ ਬੋਰਡ

ਭਾਈ ਹਰਦਿਆਲ ਸਿੰਘ ਗੁਰਦਾਸਪੁਰ,
ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,
ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,
ਭਾਈ ਇੰਦਰਜੀਤ ਸਿੰਘ ਵੈਨਕੂਵਰ।



ਮੁੱਖ ਦਫ਼ਤਰ

ਮਕਾਨ ਨੰਬਰ : 532, ਫੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)
ਪਿੰਨ : 160059
ਫ਼ੋਨ ਨੰਬਰ : 93177-53202
e-mail : akjmagzine@yahoo.com



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR


## ਸੰਪਾਦਕੀ

# ਸਿੱਖ ਬੀਬੀਆਂ ਕੇਸਕੀ ਬੰਨ੍ਹਣਗੀਆਂ ਜਾਂ ਹੈਲਮਟ ਪਾਉਣਗੀਆਂ ?

ਪਿਛਲੇ ਦਿਨੀਂ ਚੰਡੀਗੜ੍ਹ ਪ੍ਰਸ਼ਾਸਨ ਨੇ ਫ਼ੈਸਲਾ ਲਿਆ ਹੈ ਕਿ ਹੈਲਮਟ ਤੋਂ ਛੋਟ ਲੈਣ ਲਈ ਸਿੱਖ ਬੀਬੀਆਂ ਨੂੰ ਦੋ-ਪਹੀਆ ਵਹੀਕਲ ਚਲਾਉਣ ਸਮੇਂ ਕੇਸਕੀ ਬੰਨ੍ਹਣੀ ਲਾਜ਼ਮੀ ਹੋਵੇਗੀ। ਜੇਕਰ ਸਿੱਖ ਬੀਬੀਆਂ ਨੇ ਕੇਸਕੀ ਨਾ ਬੰਨ੍ਹੀ ਹੋਈ ਤਾਂ ਉਨ੍ਹਾਂ ਨੂੰ ਹੈਲਮਟ ਪਾਉਣਾ ਪਵੇਗਾ ਜਾਂ ਫਿਰ ਉਨ੍ਹਾਂ ਦਾ ਟਰੈਫ਼ਿਕ ਪੁਲਿਸ ਵਲੋਂ ਚਲਾਨ ਕੀਤਾ ਜਾਵੇਗਾ। ਇਹ ਫ਼ੈਸਲਾ ਚੰਡੀਗੜ੍ਹ ਦੇ ਪ੍ਰਸ਼ਾਸਕ ਦੇ ਸਲਾਹਕਾਰ ਦੀ ਅਗਵਾਈ ਹੇਠ ਹੋਈ ਸੂਬਾ ਪੱਧਰੀ ਰੋਡ ਸੇਫ਼ਟੀ ਕੌਂਸਲ ਦੀ ਮੀਟਿੰਗ 'ਚ ਲਿਆ ਗਿਆ।

ਇਸ ਤੋਂ ਕਈ ਸਾਲ ਪਹਿਲਾਂ ਵੀ ਜਦੋਂ ਸਿੱਖ ਬੀਬੀਆਂ ਨੇ ਸਿੱਖ ਧਰਮ ਦੇ ਅਸੂਲਾਂ ਤੇ ਮਰਯਾਦਾ ਅਨੁਸਾਰ ਟੋਪੀ ਪਾਉਣ 'ਤੇ ਮਨਾਹੀ ਦਾ ਹਵਾਲਾ ਦਿੰਦਿਆਂ ਹੈਲਮਟ ਤੋਂ ਛੋਟ ਦੀ ਮੰਗ ਕੀਤੀ ਸੀ ਤਾਂ ਉਦੋਂ ਵੀ ਅਦਾਲਤ ਨੇ ਵਹੀਕਲ ਸੁਰੱਖਿਆ ਦੇ ਅਸੂਲਾਂ ਅਤੇ ਸਿੱਖ ਮਰਯਾਦਾ ਦਾ ਨਿਆਂਸੰਗਤ ਤੇ ਤਰਕਸੰਗਤ ਮੁਤਾਲਿਆ ਕਰਦਿਆਂ ਆਖਿਆ ਸੀ ਕਿ ਜੇਕਰ ਸਿੱਖ ਬੀਬੀਆਂ ਨੇ ਸਿਰ ਉੱਪਰ ਕੇਸਕੀ ਬੰਨ੍ਹੀ ਹੋਵੇਗੀ ਤਾਂ ਉਹ ਹੈਲਮਟ ਤੋਂ ਛੋਟ ਦੀਆਂ ਹੱਕਦਾਰ ਹੋਣਗੀਆਂ, ਨਹੀਂ ਤਾਂ ਉਨ੍ਹਾਂ ਨੂੰ ਹੈਲਮਟ ਪਾਉਣਾ ਪਵੇਗਾ। ਕਿਉਂਕਿ ਵਹੀਕਲ ਸੁਰੱਖਿਆ ਨੂੰ ਮੁੱਖ ਰੱਖਦਿਆਂ ਇਕੱਲਾ ਇਹ ਆਧਾਰ ਵਾਜਬ ਨਹੀਂ ਸੀ ਕਿ ਕੋਈ ਔਰਤ ਸਿੱਖ ਹੋਣ ਕਾਰਨ ਹੈਲਮਟ ਨਹੀਂ ਪਹਿਨੇਗੀ। ਕਿਸੇ ਹਾਦਸੇ ਦੀ ਸੂਰਤ ਵਿਚ ਸੱਟ ਇਹ ਵੇਖ ਕੇ ਨਹੀਂ ਲੱਗਦੀ ਕਿ ਕੌਣ ਸਿੱਖ ਹੈ ਅਤੇ ਕੌਣ ਗੈਰ-ਸਿੱਖ। ਸਿਰ 'ਤੇ ਸੱਟ ਤੋਂ ਹੈਲਮਟ ਤੋਂ ਇਲਾਵਾ ਸਿਰ ਉੱਪਰ ਬੰਨ੍ਹੀ ਹੋਈ ਦਸਤਾਰ ਹੀ ਬਚਾਅ ਸਕਦੀ ਹੈ।

ਹਾਲਾਂਕਿ ਇਹ ਵੀ ਵੇਖਣ ਵਿਚ ਆਉਂਦਾ ਰਿਹਾ ਹੈ ਕਿ 'ਕੌਰ' ਨਾਵਾਂ ਵਾਲੀਆਂ ਜਿਹੜੀਆਂ ਔਰਤਾਂ ਸਿੱਖ ਧਰਮ ਦੇ ਅਸੂਲਾਂ ਦੇ ਉਲਟ ਸਿਰ ਦੇ ਕੇਸ ਜਾਂ ਭਰਵੱਟੇ ਕੱਟਦੀਆਂ ਹਨ, ਜਾਂ ਫ਼ੈਸ਼ਨ ਵਜੋਂ ਟੋਪੀਆਂ ਵੀ ਪਾ ਲੈਂਦੀਆਂ ਹਨ, ਉਹ ਵੀ ਸੜਕ 'ਤੇ ਦੋ-ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਤੋਂ ਛੋਟ ਲੈਣ ਲਈ ਸਿੱਖ ਧਰਮ ਦੇ ਅਸੂਲਾਂ ਦਾ ਸਹਾਰਾ ਲੈਂਦੀਆਂ ਰਹੀਆਂ ਹਨ, ਜਦੋਂਕਿ ਕੇਸਾਂ ਦੀ ਬੇਅਦਬੀ ਕਰਨ ਵਾਲਾ ਮਨੁੱਖ ਤਾਂ ਪਹਿਲਾਂ ਹੀ ਸਿੱਖੀ ਤੋਂ ਪਤਿਤ ਹੋ ਜਾਂਦਾ ਹੈ। ਰਹਿਤਨਾਮਿਆਂ ਮੁਤਾਬਿਕ ਤਾਂ ਕਿਸੇ ਸਿੱਖ ਨੂੰ ਇਕ ਪਲ ਵੀ ਨੰਗੇ ਸਿਰ ਰਹਿਣ ਦੀ ਆਗਿਆ ਨਹੀਂ ਹੈ ਪਰ ਬਹੁਤ ਸਾਰੀਆਂ ਸਿੱਖ ਨਾਵਾਂ ਵਾਲੀਆਂ ਜਾਂ ਅੰਮ੍ਰਿਤਧਾਰੀ (ਕੇਸਕੀ ਦੀ ਰਹਿਤ ਤੋਂ ਹੀਣੀਆਂ) ਬੀਬੀਆਂ, ਪੱਛਮੀ ਤੇ ਆਧੁਨਿਕਤਾ ਦੇ ਅਸਰ ਕਾਰਨ ਸਿਰ ਕੱਜ ਕੇ ਰੱਖਣ ਦੀ ਪਰੰਪਰਾ ਅਤੇ ਆਪਣੇ ਰਵਾਇਤੀ ਲਿਬਾਸ ਨੂੰ ਛੱਡ ਚੁੱਕੀਆਂ ਹਨ।

ਹੁਣ ਸਿੱਖ ਨਾਵਾਂ ਵਾਲੀਆਂ ਜਾਂ ਕੇਸਕੀਹੀਣ ਅੰਮ੍ਰਿਤਧਾਰੀ ਬੀਬੀਆਂ ਨੂੰ ਇਹ ਦੋਗਲਾਪਣ ਛੱਡਣਾ ਪਵੇਗਾ, ਜਾਂ ਤਾਂ ਪੂਰਨ ਰੂਪ ਵਿਚ ਗੁਰਸਿੱਖੀ ਵਿਚ ਆ ਕੇ 'ਸਾਬਤ ਸੂਰਤਿ ਦਸਤਾਰ ਸਿਰਾ' ਦੀ ਮਰਯਾਦਾ ਧਾਰਨ ਕਰਨੀ ਪਵੇਗੀ ਤੇ ਜਾਂ ਫਿਰ ਹੈਲਮਟ ਪਾਉਣਾ ਪਵੇਗਾ। ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਕੋਈ ਵੀ ਮਰਯਾਦਾ ਜਾਂ ਕਕਾਰ ਅਕਾਰਨ ਨਹੀਂ ਦਿੱਤਾ। ਇਨ੍ਹਾਂ ਦਾ ਸਿੱਖਾਂ ਲਈ ਸਰੀਰਕ ਅਤੇ ਆਤਮਿਕ ਰੂਪ ਵਿਚ ਵੱਡਾ ਮਹੱਤਵ ਬਣਦਾ ਹੈ।


### ਬੇਨਤੀ

ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।



### ਚੰਦਾ

**ਭਾਰਤ :** ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ

**ਵਿਦੇਸ਼ਾਂ ਲਈ :** ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ

ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ**

ਅੰਕ : ੦੮ ਸਾਲ : ੮ ਅਗਸਤ ੨੦੨੨

ਸਾਵਣ-ਭਾਦੋਂ, ੫੫੪ ਨਾਨਕਸ਼ਾਹੀ

# ਸੋ ਕਹੀਅਤ ਹੈ ਸੂਰਾ

**ਨਿਰੋਲ ਧਾਰਮਿਕ ਮਾਸਿਕ ਪੱਤਰ**



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।
ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


## ਲੇਖਕਾਂ ਤੇ ਪਾਠਕਾਂ ਲਈ

- ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
- ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
- ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
- ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਸਤਿਗੁਰ ਤਿਨ੍ਹਾਂ ਦਾ ਹੀ ਸਹਾਈ ਹੁੰਦਾ ਹੈ, ਜੋ ਸਤਿਗੁਰੂ ਸੂਰਮੇ ਨੂੰ ਸਦਾ ਸੀਸ ਉਤੇ ਕਾਇਮ ਦਾਇਮ ਜਾਣਦੇ ਹਨ। ਤਿਨ੍ਹਾਂ ਚੜ੍ਹਦੀ ਕਲਾ ਵਾਲਿਆਂ ਸਿੰਘਾਂ ਸੂਰਮਿਆਂ ਦੇ ਸੀਸਾਂ ਉਤੇ ਛਿਆਨਵੇਂ ਕਰੋੜ ਗੁਰੂ ਕੀਆਂ ਗੁਪਤ ਸ਼ਹੀਦੀ ਫ਼ੌਜਾਂ ਸਾਵਧਾਨ ਹੋ ਕੇ ਸਦਾ ਪਹਿਰਾ ਦਿੰਦੀਆਂ ਹਨ। ਅਜਿਹੇ ਸੂਰਮੇ ਸਿੰਘਾਂ ਦੇ ਆਤਮੇ ਅੰਦਰ ਹੀ ਗੁਰੂ ਕੀ ਸੂਰਮਤਾ ਕਲਾ ਵਰਤਦੀ ਹੈ।
>
> -ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ


| | |
|---|---|
| ਗੁਰਮਤਿ ਗੌਰਵਤਾ-੬੪<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 6 |
| ਪੰਡਤ ਮਾਨ ਸਿੰਘ ਸ਼ਾਸਤ੍ਰੀ ਦੀ ਕਹਾਣੀ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 9 |
| ਇਤਿਹਾਸ-ਮੁਖਤਾ ਦੀ ਲੋੜ<br>ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ | 11 |
| ਗੁਰੂ ਨਾਨਕ ਸਾਹਿਬ ਦੀ ਬਾਣੀ 'ਚ ਵਾਤਾਵਰਨ ਸੰਭਾਲ ਸੰਬੰਧੀ ਚੇਤਨਾ<br>ਸੁਖਦੇਵ ਸਿੰਘ | 15 |
| ਖ਼ਾਲਸੇ ਦੀ ਕਿਰਪਾਨ ਨੂੰ ਵੰਗਾਰ | 18 |
| ਸਾਂਝੀ ਵਿਦਿਆ ਦੇ ਔਗੁਣ ਤੇ ਪਿਆਰ-ਵਿਆਹਾਂ ਦੀ ਵਬਾੱ<br>ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | 21 |
| ਜੈ ਤੇਗੰ<br>ਭਾਈ ਗੁਰਦਿਆਲ ਸਿੰਘ | 22 |
| ਇਹ ਕੈਸੀ ਆਜ਼ਾਦੀ ?<br>ਹਰਿ ਪ੍ਰਤਾਪ ਸਿੰਘ ਖ਼ਾਲਸਾ | 23 |
| ਸੁ.ਫਨਾ<br>ਜਸਮੀਤ ਸਿੰਘ ਕੈਨੇਡਾ | 2D |
| ਸਿੱਖ ਦਾ ਮੁੱਢਲਾ ਕਰਮ<br>ਭਾਈ ਰੇਸ਼ਮ ਸਿੰਘ | 25 |
| ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਯੋਗਦਾਨ<br>ਪ੍ਰਿੰਸੀਪਲ ਸਤਿਬੀਰ ਸਿੰਘ ਜੀ | 27 |

ਗੋਂਡ ॥
ਖਸਮੁਮਰੈਤਉਨਾਰਿਨਰੋਵੈ ॥ ਉਸੁਰਖਵਾਰਾਅਉਰੋਹੋਵੈ ॥ ਰਖਵਾਰੇਕਾਹੋਇਬਿਨਾਸ ॥
ਆਗੈਨਰਕੁਈਹਾਭੋਗਬਿਲਾਸ ॥੧ ॥ ਏਕਸੁਹਾਗਨਿਜਗਤਪਿਆਰੀ ॥
ਸਗਲੇਜੀਅਜੰਤਕੀਨਾਰੀ ॥੧ ॥ ਰਹਾਉ ॥ ਸੋਹਾਗਨਿਗਲਿਸੋਹੈਹਾਰੁ ॥
ਸੰਤਕਉਬਿਖੁਬਿਗਸੈਸੰਸਾਰੁ ॥ ਕਰਿਸੀਗਾਰੁਬਹੈਪਖਿਆਰੀ ॥ ਸੰਤਕੀਠਿਠਕੀਫਿਰੈਬਿਚਾਰੀ ॥੨ ॥
ਸੰਤਭਾਗਿਓਹਪਾਛੈਪਰੈ ॥ ਗੁਰਪਰਸਾਦੀਮਾਰਹੁਡਰੈ ॥ ਸਾਕਤਕੀਓਹਪਿੰਡਪਰਾਇਣਿ ॥
ਹਮਕਉਦ੍ਰਿਸਟਿਪਰੈਤ੍ਰਖਿਡਾਇਣਿ ॥੩ ॥ ਹਮਤਿਸਕਾਬਹੁਜਾਨਿਆਭੇਉ ॥
ਜਬਹੂਏਕ੍ਰਿਪਾਲਮਿਲੇਗੁਰਦੇਉ ॥ ਕਹੁਕਬੀਰਅਬਬਾਹਰਿਪਰੀ ॥
ਸੰਸਾਰੈਕੈਅੰਚਲਿਲਰੀ ॥੪ ॥੪ ॥੭ ॥
(ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨, ਅੰਕ : ੮੭੧)

# ਅਰਥ ਵਿਚਾਰ

(ਮਾਇਆ ਦੇ ਰੂਪ ਅਤੇ ਸੁਭਾਓ ਬਾਰੇ, ਭਗਤ ਕਬੀਰ ਜੀ ਨੇ ਇਸਤ੍ਰੀ ਦਾ ਅਲੰਕਾਰ ਬੰਨ੍ਹ ਕੇ ਸਾਡੇ ਤਾਂਈਂ ਸਮਝਾਉਣਾ ਕੀਤਾ ਹੈ ਕਿ ਇਕ ਐਸੀ ਇਸਤ੍ਰੀ ਹੈ ਜਿਸਦਾ) ਖਸਮ ਮਰੇ ਤਾਂ ਨਾਰਿ ਨਹੀਂ ਰੋਂਦੀ (ਕਿਉਂਕਿ ਉਸ ਦਾ) ਪਤੀ (ਰਖਵਾਰਾ ਹੁਣ) ਹੋ ਜਾਂਦਾ ਹੈ। ਜਦੋਂ (ਇਸ ਨਾਰਿ ਦੇ) ਰਖਵਾਰੇ ਦਾ ਵਿਨਾਸ਼ ਹੁੰਦਾ ਹੈ, ਭਾਵ ਉਹ ਮਰ ਜਾਂਦਾ ਹੈ ਤਾਂ ਉਸ ਨੂੰ (ਇਸ ਲੋਕ ਵਿਚ ਇਸ ਨਾਰ ਸੰਗਿ) ਭੋਗ ਬਿਲਾਸ (ਕਰਨ ਕਰਕੇ) ਅੱਗੇ ਜਾ ਕੇ ਨਰਕ ਮਿਲਦਾ ਹੈ।੧। ਇਕ ਸੁਹਾਗਨ (ਮਾਇਆ) ਸਾਰੇ ਜਗਤ ਦੀ ਪਿਆਰੀ ਹੈ ਅਤੇ ਸਾਰੇ ਜੀਅ ਜੰਤਾਂ ਦੀ ਪਤਨੀ ਹੈ। ਰਹਾਉ। ਇਸ ਸੁਹਾਗਨ ਦੇ ਗਲ ਵਿਚ ਹਾਰ ਸੋਂਹਦਾ ਹੈ (ਭਾਵ ਉਹ ਸ਼ਿੰਗਾਰ ਕਰੀ ਬੈਠੀ ਹੈ) ਅਤੇ ਉਸ ਨੂੰ ਦੇਖ ਕੇ ਸਾਰਾ ਸੰਸਾਰ ਬਹੁਤ ਬਿਗਸਦਾ (ਖ਼ੁਸ਼ ਹੁੰਦਾ) ਹੈ ਜਦਕਿ ਸੰਤਾਂ ਨੂੰ ਉਹ ਜ਼ਹਿਰ ਵਾਂਗ ਲੱਗਦੀ ਹੈ। ਵੇਸ਼ਵਾਵਾਂ (ਪਖਿਆਰੀ) ਵਾਂਗ ਉਹ ਸ਼ਿੰਗਾਰ ਕਰਕੇ ਬੈਠਦੀ ਹੈ (ਜੀਵਾਂ ਨੂੰ ਠੱਗਣ ਅਤੇ ਰੀਝਾਉਣ ਲਈ) ਪਰ ਉਹ ਸੰਤਾਂ ਗੁਰਮੁਖਾਂ ਦੀ ਫ਼ਿਟਕਾਰੀ ਹੋਈ ਫਿਰਦੀ ਹੈ।੨। ਗੁਰਮੁਖਾਂ ਸੰਤਾਂ ਦੇ ਮਗਰ ਉਹ ਭੱਜ ਕੇ ਪੈਂਦੀ ਹੈ ਪਰ (ਗੁਰਮੁਖਾਂ 'ਤੇ) ਗੁਰੂ ਦੀ ਕਿਰਪਾ (ਹੋਣ ਕਰਕੇ) ਮਾਰ ਪੈਣੋਂ ਡਰਦੀ ਹੈ (ਸੋ ਦੂਰ ਹੀ ਰਹਿੰਦੀ ਗੁਰਮੁਖਾਂ ਤੋਂ)। ਸਾਕਤਾਂ (ਬੁਰੇ ਪੁਰਖਾਂ) ਦੀ ਉਹ ਜਿੰਦ-ਜਾਨ (ਪਿੰਡ ਪਰਾਇਣਿ) ਹੈ ਜਦਕਿ ਸਾਨੂੰ (ਭਗਤ ਕਬੀਰ ਜੀ ਨੂੰ) ਉਹ ਪਰਤੱਖ ਡਾਇਣ ਲੱਗਦੀ ਹੈ।੩। ਅਸੀਂ (ਕਬੀਰ ਜੀ ਨੇ) ਉਸ ਦਾ (ਮਾਇਆ ਦਾ) ਭੇਤ ਭਲੀ-ਭਾਂਤਿ ਜਾਣ ਲਿਆ ਹੈ ਜਦੋਂ ਦੇ ਸਾਨੂੰ ਕਿਰਪਾਲ ਹੋ ਕੇ ਗੁਰਦੇਵ ਮਿਲੇ ਹਨ। ਭਗਤ ਕਬੀਰ ਜੀ ਫ਼ਰਮਾਉਂਦੇ ਹਨ, ਹੁਣ ਸਾਡੇ ਤੋਂ ਦੂਰ ਬਾਹਰ ਚਲੀ ਗਈ ਹੈ ਜਦਕਿ ਉਹ ਸੰਸਾਰ ਦੇ ਅੰਚਲ (ਪੱਲੇ) ਨਾਲ ਲੱਗੀ ਹੋਈ ਹੈ।੪।

ਭਗਤ ਕਬੀਰ ਜੀ ਨੇ ਇਸ ਸ਼ਬਦ ਵਿਚ ਮਾਇਆ ਦੇ ਸੁਭਾਓ ਅਤੇ ਇਸ ਦੇ ਇਲਾਜ ਬਾਰੇ ਬਹੁਤ ਗੂੜ੍ਹ ਗਿਆਨ ਬਖ਼ਸ਼ਿਆ ਹੈ। ਮਾਇਆ ਐਸੀ ਮੋਹਣੀ ਹੈ ਕਿ ਸਭ ਚੰਗੇ-ਮੰਦੇ ਨਰ ਇਸ ਦੀ ਗ੍ਰਿਫ਼ਤ ਵਿਚ ਹਨ। ਭਾਵੇਂ ਕੋਈ ਮਾਇਆ ਦੇ ਤਮੋ ਗੁਣ ਕਰਕੇ ਬੁਰੇ ਕਰਮ ਕਰਦਾ ਹੈ; ਭਾਵੇਂ ਕੋਈ ਮਾਇਆ ਦੇ ਸਤੋ ਗੁਣ ਕਰਕੇ ਨੇਕੀ ਦੇ ਕੰਮਾਂ ਵਿਚ ਲੱਗਿਆ ਹੋਇਆ ਹੈ; ਦੋਹਾਂ ਸਿਰਿਆਂ ਦੇ ਮਨੁੱਖ ਮਾਇਆ ਦੀ ਹੀ ਗ੍ਰਿਫ਼ਤ ਵਿਚ ਹਨ। ਮਾਇਆ ਦੇ ਤਮੋ ਗੁਣ ਅਤੇ ਰਜੋ ਗੁਣ ਦੇ ਪ੍ਰੇਰੇ ਹੋਏ ਪਾਪਿਸ਼ਟ ਕਰਮ ਕਰਨਹਾਰੇ ਮਨੁੱਖ ਆਪਣੇ ਕਰਮਾਂ ਦੀ ਸਜ਼ਾ ਭੁਗਤਣ ਲਈ ਮੁੜ ਕੇ ਇਸ ਜਗਤ ਵਿਚ ਜਨਮ ਲੈਂਦੇ ਹਨ ਅਤੇ ਮਾਇਆ ਦੇ ਸਤੋ ਗੁਣ ਦੇ ਪ੍ਰੇਰੇ ਹੋਏ ਨੇਕੀ ਵਾਲੇ ਕਰਮ ਕਰਨਹਾਰੇ ਪੁੰਨੀ ਜਨ ਵੀ ਮੁੜ ਕੇ ਇਸ ਦੁਨੀਆ ਵਿਚ ਜਨਮ ਧਾਰਦੇ ਹਨ ਅਤੇ ਆਪਣੇ ਸ਼ੁਭ ਕਰਮਾਂ ਦੇ ਸੁਫ਼ਲ ਫ਼ਲ ਭੋਗਦੇ ਹਨ। ਪਰ ਦੋਹਾਂ ਹਾਲਤਾਂ ਵਿਚ ਪਾਪੀ ਅਤੇ ਪੁੰਨੀ ਲੋਕ ਮਾਇਆ ਦੀ ਗ੍ਰਿਫ਼ਤ ਤੋਂ ਬਾਹਰ ਨਹੀਂ ਹਨ ਕਿਉਂਕਿ ਪਾਪੀ ਅਤੇ ਪੁੰਨੀ ਮਨੁੱਖਾਂ ਦਾ ਆਵਾਗਉਣ ਤੋਂ ਛੁਟਕਾਰਾ ਨਹੀਂ ਹੁੰਦਾ। ਮਾਇਆ ਤੋਂ ਛੁਟਕਾਰਾ ਕੇਵਲ ਤੇ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੇ ਅਨਿੰਨ ਗੁਰਸਿੱਖਾਂ ਨੂੰ ਹੋਇਆ ਹੈ। ਗੁਰੂ ਜੀ ਨੇ ਹੀ ਸੰਸਾਰ ਨੂੰ ਮਾਇਆ ਦੇ ਸੁਭਾਓ ਅਤੇ ਇਲਾਜ ਤੋਂ ਵਾਕਫ਼ ਕਰਵਾਇਆ ਹੈ ਅਤੇ ਇਸ ਦੀ ਗ੍ਰਿਫ਼ਤ ਤੋਂ, ਸਦੀਆਂ ਤੋਂ ਫ਼ਸੀ ਹੋਈ ਲੋਕਾਈ ਨੂੰ, ਮੁਕਤ ਕਰਵਾਇਆ ਹੈ। ਗੁਰਮਤਿ ਨਾਮ ਦੇ ਵਿਧੀ-ਪੂਰਵਕ ਜਾਪ ਅਤੇ ਅੰਮ੍ਰਿਤ ਗੁਰਬਾਣੀ ਦੇ ਮਨ ਕਰਕੇ ਪਰਸਨ ਤੋਂ ਬਿਨਾਂ ਹੋਰ ਜਿੰਨੇ ਵੀ ਕਰਮ ਹਨ, ਉਹ ਸਭ ਮਾਇਆਵੀ ਕਰਮ ਹਨ ਅਤੇ ਜੀਵ ਨੂੰ ਇਸੇ ਸੰਸਾਰ ਰੂਪੀ ਜੇਲ੍ਹ ਵਿਚ ਕੈਦ ਰੱਖਦੇ ਹਨ।

ਗੁਰੂ-ਘਰ ਦੇ ਗੁਰਮੁਖਾਂ ਭਗਤਾਂ ਦੀ ਚਾਲ ਸੰਸਾਰ ਤੋਂ ਨਿਰਾਲੀ ਹੈ। ਜਿਸ ਮਾਇਆ ਨੂੰ ਹਾਸਲ ਕਰਨ ਲਈ ਅਤੇ ਹਾਸਲ ਕਰਕੇ ਸਦਾ ਲਈ ਕੋਲ ਰੱਖਣ ਲਈ ਸੰਸਾਰੀਆਂ ਦਾ ਸਦਾ ਪ੍ਰਯਾਸ ਰਹਿੰਦਾ ਹੈ, ਉਸੇ ਮਾਇਆ ਨੂੰ ਗੁਰਮੁਖ ਜਨ ਜ਼ਹਿਰ ਸਮਝਦੇ ਹੋਏ ਤਿਆਗ ਦਿੰਦੇ ਹਨ। ਗੁਰਮੁਖ ਦੀ ਗੁਰਮੁਖਤਾਈ ਦੀ ਇਹ ਸੌਖੀ ਪਰਖ ਹੈ ਕਿ ਉਸ ਦਾ ਮਾਇਆ ਵੱਲ ਕਿੰਨਾ ਕੁ ਰੁਝਾਨ ਹੈ। ਜਿੰਨੀ ਕਿਸੇ ਗੁਰਮੁਖ ਜਨ ਦੀ ਮਾਇਆ ਤੋਂ ਅਤੇ ਇਸ ਦੇ ਅਗਰਕਾਂ ਤੋਂ ਉਪਰਾਮਤਾ ਹੈ, ਓਨਾ ਹੀ ਉਹ ਗੁਰਮੁਖ ਹੈ ਅਤੇ ਓਨਾ ਹੀ ਉਸ ਵਿਚ ਨਾਮ ਸਮਾਇਆ ਹੈ। ਨਾਮ ਜਪੇ ਦੀ, ਗੁਰਮਤਿ ਦੀ ਕਮਾਈ ਕਰਨ ਦੀ ਨਿਸ਼ਾਨੀ ਇਹ ਹੈ ਕਿ ਉਸ ਗੁਰਮੁਖ ਵਿਚ ਰਤਾ ਵੀ, ਤਿਲ ਵੀ ਮਾਇਆ ਦੀ ਤਮ੍ਹਾ ਨਹੀਂ ਹੁੰਦੀ। ਜੇਕਰ ਕਿਸੇ ਗੁਰਮੁਖ ਵਿਚ ਵੀ ਉਹੀ ਸੰਸਾਰੀਆਂ ਵਾਲੀ ਮਾਇਆ ਇਕੱਤਰ ਕਰਨ ਦੀ, ਸ਼ਾਨ ਲਈ ਕਾਰਾਂ-ਮੋਟਰਾਂ ਲੈਣ ਦੀ, ਮਹਿਲ-ਮਾੜੀਆਂ ਬਣਾਉਣ ਦੀ, ਉੱਚੇ ਅਹੁਦਿਆਂ 'ਤੇ ਪਹੁੰਚਣ ਦੀ, ਲੀਡਰੀਆਂ ਆਦਿ ਕਰਨ ਦੀ ਲੋਚਨਾ ਇੱਛਾ ਹੈ ਤਾਂ ਹਾਲੇ ਉਸ ਗੁਰਸਿੱਖ 'ਤੇ ਨਾਮ-ਗੁਰਬਾਣੀ ਦਾ ਅਸਰ ਨਹੀਂ ਹੋਇਆ ਵਰਨਾ ਗੁਰਮੁਖ ਜਨ ਤਾਂ ਇਨ੍ਹਾਂ ਮਾਇਆਵੀ ਪਦਾਰਥਾਂ ਵੱਲ ਝਾਕਦੇ ਹੀ ਨਹੀਂ। ਸੰਸਾਰ ਵਿਚ ਨਿਰਬਾਹ ਕਰਨ ਜੋਗੀ ਸਮੱਗਰੀ ਤੋਂ ਵੱਧ ਉਹ ਕੁਝ ਨਹੀਂ ਚਾਹੁੰਦੇ। ਗੁਰੂ ਸਾਹਿਬ ਕਿਰਪਾ ਕਰਨ, ਅਸੀਂ ਗੁਰਮੁਖਾਂ ਵਾਲੀ ਕਹਿਣੀ, ਰਹਿਣੀ, ਸਹਿਣੀ ਅਤੇ ਬਹਿਣੀ ਕਮਾ ਕੇ ਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੀਏ। ■■

# ਗੁਰਮਤਿ ਸੱਚਾ ਤੇ ਸਦੀਵੀ ਧਰਮ

## ਅਰਥਾਤ

# ਗੁਰਮਤਿ ਗੌਰਵਤਾ -੬੪

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ

### ੭੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ ਸੰਤੋਖੇ ਜੋਗੀ ਦੀ ਕਹਾਣੀ

**ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥**
**ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥੧॥( ॥੪॥੩੭॥੫੦॥)**
**(ਭੈਰਉ ਮ. ੫, ਪੰਨਾ: ੧੧੫੦)**

ਵਾਹਿਗੁਰੂ ਨਾਮ ਦੇ ਸਿਮਰਨ ਵਿਚ ਬੇਦ ਸ਼ਾਸਤ੍ਰ ਦਾ ਵਾਚਣਾ ਆਪੇ ਹੀ ਆ ਜਾਂਦਾ ਹੈ। ਵਾਹਿਗੁਰੂ ਨਾਮ ਅਭਿਆਸ ਕਮਾਈ ਦੀ ਐਸੀ ਸ਼ਕਤੀ ਹੈ ਕਿ ਘਟ ਘਟ ਦਾ ਭੇਦ ਆਪੇ ਜਾਣ ਲਈਦਾ ਹੈ, ਖ਼ੁਦ ਬਖ਼ੁਦ ਹੀ ਸਾਰੇ ਘਟਾਂ ਦੀ ਅੰਤਰਗਤੀ ਦਾ ਦਾਨੀ ਬਣ ਜਾਈਦਾ ਹੈ। ਰੂਪ ਵਾਲੀਆਂ ਵਸਤੂਆਂ ਦਾ ਜੋ ਵਾਹਿਗੁਰੂ ਮਾਲਕ ਹੈ, ਉਹ ਆਪ ਪ੍ਰਕਾਸ਼ ਰੂਪ ਹੈ, ਉਸ ਦਾ ਕੋਈ ਮਾਦੀ ਸਰੂਪ ਨਹੀਂ।

**ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥**
**ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥**
**ਐਸੋ ਧਣੀ ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥ਰਹਾਉ ॥**
**ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੁੋਨਿ ਮਹਿ ਰਹਤੇ ॥੭॥**
**ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥**
**ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥੮॥੨॥੫॥**
**(ਭੈਰਉ ਮ. ੫, ਪੰਨਾ: ੧੧੫੬-੫੭)**

ਇਸ ਗੁਰਵਾਕ ਦੁਆਰਾ ਇਹ ਗੱਲ ਸਪੱਸ਼ਟ ਸਿਧ ਹੁੰਦੀ ਹੈ ਕਿ ਗੁਰਮਤਿ ਅਨੁਸਾਰ ਇਕੋ ਨਿਰੰਕਾਰ ਵਾਹਿਗੁਰੂ ਦੀ ਉਪਾਸ਼ਨਾ ਵਾਲਾ ਸਿਧਾਂਤ ਮੰਡਨ ਰੂਪ ਹੈ, ਹੋਰ ਆਨਮਤ ਦੇ ਦਰਸਾਏ ਦੇਵਤੇ ਚਾਹੇ ਕੋਟਾਨ ਕੋਟ ਹੋਣ, ਸਭ ਵਾਹਿਗੁਰੂ ਨਿਰੰਕਾਰ ਸਿਰਜਨਹਾਰ ਦੀ ਰਚੀ ਰਚਨਾ ਦੇ ਰਚਿਤ ਜੀਵ ਹੀ ਹਨ, ਜਿਨ੍ਹਾਂ ਦੀ ਉਪਾਸ਼ਨਾ ਆਨਮਤੀ ਭੇਖੀ ਪੁਰਸ਼ ਕਰਦੇ ਹਨ, ਸੋ ਸਭ ਖੰਡਨ ਰੂਪ ਹੈ। ਯਥਾ ਵਿਆਖਿਆ–



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਜਿਸ ਵਿਸ਼ਨੂੰ ਦੇਵਤਾ ਦੀ ਉਪਾਸ਼ਨਾ ਆਨਮਤੀ ਜਨ ਮੁਖ ਰਖ ਕੇ ਕਰਦੇ ਹਨ, ਅਜਿਹੇ ਅਨੇਕਾਂ ਤੇ ਕ੍ਰੋੜਾਂ ਵਿਸ਼ਨੂੰ ਹਨ, ਜੋ ਕਰਤਾਰ ਵਾਹਿਗੁਰੂ ਦੀ ਕਾਇਨਾਤ ਦੇ ਅਧੀਨ ਅਵਤਾਰ ਧਾਰਦੇ ਫਿਰਦੇ ਹਨ। ਅਕਾਲ ਪੁਰਖ ਵਾਹਿਗੁਰੂ ਕਰਤਾਰ ਦੇ ਰਚੇ ਹੋਏ ਕੋਟਾਨ ਕੋਟ ਬ੍ਰਹਮੰਡ ਹਨ। ਜਿਥੇ ਕੋਟਾਨ ਕੋਟ ਧਰਮ ਕਮਾਉਣ ਦੀਆਂ ਥਾਵਾਂ ਰਚੀਆਂ ਹੋਈਆਂ ਹਨ। ਆਨਮਤੀ ਲੋਕ ਇਕ ਮਹੇਸ਼ਰ (ਮਹਾਂਦੇਵ) ਦੀ ਉਪਾਸ਼ਨਾ ਵਿਚ ਲੰਪਾਇਮਾਨ ਹੋਣ ਨੂੰ ਹੀ ਆਪਣੇ ਧਰਮੀ ਹੋਣ ਦਾ ਬੜਾ ਫ਼ਖ਼ਰ ਸਮਝਦੇ ਹਨ, ਪ੍ਰੰਤੂ ਗੁਰੂ ਕਰਤਾਰ ਸਿਰਜਨਹਾਰ ਵਾਹਿਗੁਰੂ ਦੇ ਉਪਾਏ ਹੋਏ ਕ੍ਰੋੜਾਂ ਹੀ ਮਹੇਸ਼ਰ ਹਨ, ਜਿਨ੍ਹਾਂ ਨੂੰ ਪੈਦਾ ਕਰ ਕੇ ਵਾਹਿਗੁਰੂ ਅਕਾਲ ਪੁਰਖ ਫਿਰ ਖੈ ਕਰ ਲੈਂਦਾ ਹੈ। ਹਿੰਦੂ ਲੋਕ ਇਕੋ ਬ੍ਰਹਮਾ ਦੀ ਪੂਜਾ ਨੂੰ ਮੁਖ ਰਖਦੇ ਹੋਏ ਧਰਮੀ ਬਣੇ ਫਿਰਦੇ ਹਨ, ਪਰ ਸਾਡੇ ਅਕਾਲ ਪੁਰਖ ਵਾਹਿਗੁਰੂ ਦੀ ਰਚਨਾ ਅੰਦਰ ਇੱਕ ਨਹੀਂ, ਕ੍ਰੋੜਾਂ ਹੀ ਬ੍ਰਹਮੇ ਰਚੇ ਹੋਏ ਹਨ, ਜੋ ਸ੍ਰਿਸ਼ਟੀ ਰਚਣ ਦੇ ਧੰਧੇ ਲਾਏ ਰਖੇ ਹਨ। ਐਸਾ ਹੈ ਸਭਨਾਂ ਦਾ ਮਾਲਕ ਗੁਰੂ ਗੋਬਿੰਦ, ਵਾਹਿਗੁਰੂ ਅਕਾਲ ਪੁਰਖ ਸਿਰਜਨਹਾਰ, ਜੋ ਸਭਨਾਂ ਦੇਵਤਿਆਂ ਦਾ ਸ਼੍ਰੋਮਣੀ ਅਤੇ ਮੁਖੀ ਹੈ, ਜਿਸ ਦੇ ਗੁਣਾਂ ਦਾ ਵਿਸਥਾਰ ਵਰਨਣ ਹੀ ਨਹੀਂ ਹੋ ਸਕਦਾ।

ਉਸ ਵਡੇ ਸਿਰਜਨਹਾਰ ਕਰਤਾਰ ਦੀ ਰਚਨਾ ਵਿਚ ਕ੍ਰੋੜਾਂ ਹੀ ਤਪੀਸ਼ਰ ਤਪ ਕਰ ਰਹੇ ਹਨ, ਉਹ ਸਭ ਆਨਮਤ ਦਾ ਮਨੋ ਮਨੀ ਹੀ ਤਪ ਕਰਦੇ ਹਨ, ਕ੍ਰੋੜਾਂ ਹੀ ਮੁਨੀ ਜਨ ਮੁਨੀਸ਼ਰ ਹਨ ਜੋ ਆਪਣੀ ਮਤਿ ਮਨਮਤਿ ਦਾ ਉਪਾਇਆ ਹੋਇਆ ਮੋਨ ਹੀ ਸਾਧਦੇ ਹਨ, ਪਰ ਉਹ ਅਗਮ ਅਗੋਚਰ ਅਵਿਗਤ ਸੁਆਮੀ ਇਨ੍ਹਾਂ ਸਭਨਾਂ ਦਾ ਰਚਨਹਾਰ, ਸਭ ਤੋਂ ਵਿਲੱਖਣ ਤੇ ਨਿਰਾਲਾ ਹੀ ਰਹਿ ਜਾਂਦਾ ਹੈ। ਉਹ ਸਾਰਿਆਂ ਘਟਾਂ ਵਿਚ ਪੂਰ ਰਹਿਆ ਹੈ, ਸਭ ਦਾ ਅੰਤਰਯਾਮੀ ਹੈ। ਵਾਹਿਗੁਰੂ ਦੇ ਵਰੋਸਾਏ ਗੁਰਮੁਖਿ ਜਨ, ਜਿਨ੍ਹਾਂ ਨੂੰ ਗੁਰ ਨਾਨਕ ਦੇ ਦਵਾਰਿਓਂ, ਗੁਰੂ ਘਰ ਤੋਂ ਸੱਚਾ ਆਤਮ-ਤਪ-ਗਿਆਨ ਪ੍ਰਗਾਸ ਹੋਇਆ ਹੈ, ਉਹ ਸਾਰੇ ਹੀ ਇਕੋ ਵਾਹਿਗੁਰੂ ਨੂੰ ਪਰੀਪੂਰਨ ਵਸਿਆ ਹੋਇਆ ਪਰਤੱਖ ਪੇਖਦੇ ਹਨ।

**ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥**
**ਮੈਲਾ ਮਲਤਾ ਇਹੁ ਸੰਸਾਰੁ ॥**
**ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ਰਹਾਉ ॥( ॥੬॥੩॥)**
**(ਭੈਰਉ ਕਬੀਰ ਜੀਉ, ਪੰਨਾ: ੧੧੫੮)**

ਹਿੰਦੂਆਂ ਦੇ ਮੰਨੇ ਪ੍ਰਮੰਨੇ ਦੇਵਤੇ ਸਭ ਮੈਲੋ ਮੈਲ ਹੀ ਭਰੇ ਸਿਧ ਕੀਤੇ ਗਏ ਹਨ, ਤਿਨ੍ਹਾਂ ਦੀ ਉਪਾਸ਼ਨਾ

ਕਰਨ ਵਾਲੇ ਭੀ ਮਲੀਨ ਹੀ ਰਹਿੰਦੇ ਹਨ। ਯਥਾ ਵਿਆਖਿਆ–

ਹਿੰਦੂਆਂ ਦਾ ਮੰਨਿਆ ਪ੍ਰਮੰਨਿਆ ਦੇਵਤਾ ਬ੍ਰਹਮਾ ਹੀ ਮੈਲਾ (ਅਪਵਿੱਤਰ) ਹੈ, ਤਿਨ੍ਹਾਂ ਦਾ ਇੰਦਰ ਦੇਵਤਾ ਵੀ ਮਲੀਨ ਹੀ ਹੈ। ਭੇਖੀ ਆਨਮਤੀ ਜਨ ਸੂਰਜ ਤੇ ਚੰਨ ਨੂੰ ਵੀ ਦੇਵਤੇ ਸਮਝ ਕੇ ਪੂਜਦੇ ਹਨ, ਗੁਰਮਤਿ ਅਨੁਸਾਰ ਸੂਰਜ (ਰਵਿ) ਵੀ ਮੈਲਾ ਹੈ ਅਤੇ ਚੰਦਰਮਾ ਵੀ ਮੈਲਾ ਹੈ।

ਇਹ ਸਾਰਾ ਰਚਿਆ ਹੋਇਆ ਸੰਸਾਰ ਹੀ ਮੈਲਾ ਤੇ ਮਲੀਨ ਹੈ। ਇਕ ਵਾਹਿਗੁਰੂ ਸਿਰਜਨਹਾਰ ਕਰਤਾਰ ਹੀ ਮੈਲ ਤੋਂ ਰਹਿਤ ਹੈ, ਜਿਸ ਦਾ ਪਾਰਾਵਾਰ ਅੰਤ ਨਹੀਂ ਪਾਇਆ ਜਾ ਸਕਦਾ।

**ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥ਰਹਾਉ ॥**
**ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥**
**ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ ॥੪॥੭॥**
**(ਭੈਰਉ ਕਬੀਰ ਜੀਉ, ਪੰਨਾ: ੧੧੫੮-੫੯)**

ਇਸ ਗੁਰਵਾਕ ਦੀਆਂ ਇਨ੍ਹਾਂ ਤੁਕਾਂ ਅੰਦਰ ਸਾਫ਼ ਤੌਰ ਤੇ ਹਿੰਦੂ ਤੁਰਕ ਦੋਹਾਂ ਮੱਤਾਂ ਦਾ ਖੰਡਨ ਕੀਤਾ ਗਿਆ ਹੈ। "ਪੰਡਿਤ ਮੁਲਾਂ ਛਾਡੇ ਦੋਊ" ਵਾਲੀ ਗੁਰਵਾਕ-ਪੰਗਤੀ ਸਾਫ਼ ਸਿਧ ਕਰਦੀ ਹੈ ਕਿ ਗੁਰਮਤਿ ਦੇ ਤੱਤ ਜਾਣੂਆਂ ਗੁਰਮੁਖਿ ਜਨਾਂ ਨੇ ਹਿੰਦੂ ਮੱਤ ਦੇ ਮੁਖ ਪ੍ਰਚਾਰਕਾਂ ਪੰਡਿਤਾਂ ਨੂੰ ਤੇ ਮੁਸਲਮਾਨੀ ਮਤ ਦੇ ਮੋਹਰੀਆਂ ਮੁਲਾਣਿਆਂ ਨੂੰ ਛੁਟੜ ਸਮਝ ਕੇ ਧੱਕ ਦਿਤਾ ਹੈ ਤੇ ਝਗੜਾ ਮੁਕਾ ਦਿਤਾ ਹੈ। ਗੁਰਮਤਿ ਅਨੁਸਾਰ ਨ ਮੁਸਲਮਾਨੀ ਮਤ ਦੀ ਉਪਾਸ਼ਨਾ ਸਿਧ ਹੈ, ਨ ਹੀ ਹਿੰਦਵੈਣੀ ਮੱਤ ਦੀ ਸਿਖਿਆ ਮੰਨੀ ਗਈ ਹੈ। ਬਲਕਿ ਹਿੰਦੂ ਮੁਸਲਮਾਨਾਂ ਆਗੂਆਂ ਨੇ ਜੋ ਕੁਛ ਲੋਕਾਂ ਦੀ ਅਗਵਾਈ ਲਈ ਲਿਖਿਆ ਸੀ, ਅਰਥਾਤ, ਉਨ੍ਹਾਂ ਦੀਆਂ ਯਵਨੀ ਮਤ ਦੀਆਂ ਤੇ ਹਿੰਦਵਾਣੀ ਮਤ ਦੀਆਂ ਪੁਸਤਕਾਂ ਅੰਦਰ ਜੋ ਕੁਛ ਲਿਖਿਆ ਗਿਆ ਹੈ, ਉਨ੍ਹਾਂ ਵਿਚੋਂ ਗੁਰ ਨਾਨਕ ਘਰ ਦੇ ਉਪਾਸ਼ਕਾਂ ਗੁਰਮੁਖਿ ਜਨਾਂ ਨੇ ਕੁਛ ਵੀ ਨਹੀਂ ਲਿਆ, ਉਨ੍ਹਾਂ ਦੇ ਮਤ ਦੀ ਕੋਈ ਗੱਲ ਵੀ ਧਾਰਨ ਨਹੀਂ ਕੀਤੀ, ਸਭ ਕੁਛ ਫ਼ਾਲਤੂ ਸਮਝ ਕੇ ਛਡ ਦਿਤਾ ਹੈ। ਕੇਵਲ ਗੁਰਮੁਖਿ ਜਨਾਂ ਦੇ ਹਿਰਦੇ ਅੰਦਰ ਹੀ ਸੱਚੀ ਪਵਿੱਤਰਤਾ ਮਈ ਖੁਲਾਸਾ-ਪਨ ਪ੍ਰਜੁਲਤ ਹੁੰਦਾ ਹੈ ਅਤੇ ਹਿਰਦੇ ਅੰਦਰ ਹੀ ਵਾਹਿਗੁਰੂ ਸਭ ਤੋਂ ਵਡੇ ਮੀਰ ਸੁਲਤਾਨ ਨੂੰ ਉਹ ਨਿਰਖ ਨਿਰਖ ਕੇ ਅਨੰਦ ਰਹਿੰਦੇ ਹਨ, ਵਾਹਿਗੁਰੂ ਨਾਮ ਗੁਰਮੰਤਰ ਦੀ ਅਭਿਆਸ ਕਮਾਈ ਦੀ ਬਰਕਤ ਨਾਲ ਅੰਦਰੋਂ ਹੀ ਖੋਜ ਖੋਜ ਵਾਹਿਗੁਰੂ ਨੂੰ ਮਿਲੇ ਹਨ। ਇਹ ਕਬੀਰ ਸਾਹਿਬ ਦਾ ਸੱਚਾ ਸਿਧਾਂਤ ਹੈ, ਜੋ ਐਨ ਗੁਰਮਤਿ ਅਨਕੂਲ ਸਿਧਾਂਤ ਹੈ।

**ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥**
**ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥**
**ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥ ( ॥੯॥੨॥੧੮॥੨੦॥)**
**(ਭੈਰਉ ਕਬੀਰ ਜੀਉ, ਪੰਨਾ: ੧੧੬੨)**

ਹਿੰਦੂ ਮਤ ਵਾਲੇ ਤਾਂ ਇਕੋ ਸੂਰਜ ਦੇਵਤਾ ਦੀ ਉਪਾਸ਼ਨਾ ਨੂੰ ਲਈ ਫਿਰਦੇ ਹਨ। ਵਾਹਿਗੁਰੂ ਅਗਮ ਅਗੋਚਰ ਪਾਰਬ੍ਰਹਮ ਦੀ ਕਾਇਨਾਤ ਅੰਦਰ ਕ੍ਰੋੜਾਂ ਸੂਰਜ ਪ੍ਰਕਾਸ਼ਤ ਹਨ। ਹਿੰਦੂ ਆਨਮਤੀ ਲੋਕ ਤਾਂ ਇਕੋ ਮਹਾਂਦੇਵ ਦੀ ਉਪਾਸ਼ਨਾ ਸਿਧ ਰਖਦੇ ਹਨ ਅਤੇ ਇਕੋ ਕੈਲਾਸ਼ ਪਰਬਤ ਨੂੰ ਮੰਨਦੇ ਹਨ, ਗੁਰਮਤਿ ਅਨੁਸਾਰ ਕ੍ਰੋੜਾਂ ਹੀ ਮਹਾਂਦੇਵ ਅਤੇ ਕ੍ਰੋੜਾਂ ਹੀ ਕੈਲਾਸ਼ ਪਰਬਤ ਸਿਧ ਹਨ। ਹਿੰਦਵੈਣੀ ਮਤ ਅੰਦਰ ਇਕੋ ਦੁਰਗਾ ਦੇਵੀ ਦੀ ਉਪਾਸ਼ਨਾ ਸਿਧ ਕਰ ਕੇ ਮੰਨੀ ਗਈ ਹੈ, ਗੁਰਮਤਿ ਅੰਦਰ ਇਹ ਦਰਸਾਇਆ ਗਿਆ ਹੈ ਕਿ ਕ੍ਰੋੜਾਂ ਹੀ ਦੇਵੀਆਂ ਦੁਰਗਾਵਾਂ ਵਾਹਿਗੁਰੂ ਅਕਾਲ ਪੁਰਖ ਦੇ ਚਰਨਾਂ ਨੂੰ ਝੱਸਣ ਵਾਲੀਆਂ ਹਨ ਅਤੇ ਕ੍ਰੋੜਾਂ ਹੀ ਬ੍ਰਹਮੇ ਕ੍ਰੋੜਾਂ ਬੇਦਾਂ ਨੂੰ ਉਚਾਰਨਹਾਰੇ ਹਨ। ਇਥੇ ਇਕ ਬ੍ਰਹਮਾ ਤੇ ਚਾਰ ਵੇਦਾਂ ਦਾ ਕੀ ਲੇਖਾ ਹੈ, ਜਿਸ ਨੂੰ ਕਿ ਹਿੰਦਵੈਣੀ ਮਤ ਵਾਲੇ ਬੜੇ ਫ਼ਖ਼ਰ ਨਾਲ ਪੂਜਿਆ ਲੋੜਦੇ ਹਨ। ਗੁਰਮਤਿ ਅੰਦਰ ਤਾਂ ਕੇਵਲ ਇਕੋ ਰਮਤ ਰਾਮ ਵਾਹਿਗੁਰੂ ਦੀ ਯਾਚਨਾ ਦਾ ਸਿਧਾਂਤ ਪ੍ਰਸਿੱਧ ਹੈ, ਹੋਰ ਦੇਵਤਿਆਂ ਦੀ ਉਪਾਸ਼ਨਾ ਦਾ ਗੁਰਮਤਿ ਅੰਦਰ ਕੋਈ ਕੰਮ ਹੀ ਨਹੀਂ।

**ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥**
**ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥**
**ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥**
**ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ( ॥੪॥੩॥)**
**(ਬਸੰਤੁ ਮ. ੧, ਪੰਨਾ: ੧੧੬੯)**

ਭਾਵੇਂ ਅਠਾਰ੍ਹਾਂ ਪੁਰਾਨ ਪਾਸ ਲਿਖੇ ਧਰੇ ਹੋਵਣ, ਚਾਰੇ ਬੇਦ ਮੂੰਹ-ਜ਼ਬਾਨੀ ਕੰਠ ਹੋਵਣ, ਚਾਹੇ ਖ਼ਾਸ ਪੁਰਬਾਂ (ਤਿਓਹਾਰਾਂ) ਉਤੇ ਸਾਰੇ ਤੀਰਥਾਂ ਤੇ ਨਹਾਉਂਦਾ ਫਿਰੇ, ਖਤਰੀ ਬ੍ਰਾਹਮਣਾਂ ਆਦਿ ਵਖੋ ਵਖਰਾ ਵਰਨਾਂ ਲਈ ਜੋ ਦਾਨ ਲਿਖਿਆ ਹੈ ਉਸ ਵਿਧੀ ਅਨੁਸਾਰ ਭਾਵੇਂ ਕਿੰਨੇ ਦਾਨ ਕਰਦਾ ਫਿਰੇ, ਅਤੇ ਦਿਨੇ ਰਾਤ ਵਰਤ ਨੇਮ ਵਾਲੇ ਭੇਖ ਧਾਰਦਾ ਫਿਰੇ; ਭਾਵੇਂ ਕਾਜ਼ੀ, ਮੁਲਾਂ, ਸ਼ੇਖ ਹੋਣ ਦੀ ਧਤ ਪਈ ਹੋਵੇ, ਅਤੇ ਭਗਵੇ ਭੇਸ ਵਾਲਾ ਕਿਤਨੇ ਹੀ ਜੋਗੀ ਜੰਗਮ ਭੇਖਧਾਰੀ ਬਣਿਆ ਫਿਰੇ। ਕਈ ਗ੍ਰਿਹਸਤੀ ਕਰਮ-ਕਾਂਡੀ ਬਣਨ ਦਾ ਮਾਣ ਲਈ ਫਿਰਦੇ ਹਨ। ਇਹ ਉਪਰਲੇ ਭੇਖਧਾਰੀ ਸਾਰੇ ਹੀ ਵਾਹਿਗੁਰੂ ਗੁਰਮਤਿ ਨਾਮ ਨੂੰ ਬੁਝੇ ਦੇ ਬਿਨਾਂ ਬੰਨ੍ਹ ਕੇ ਖੜੇ ਜਾਣਗੇ (ਲਿਜਾਏ ਜਾਣਗੇ)।

**ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ ਜਟਾ ਧਾਰਿ ਕਿਆ ਕਮਾਵੈ ਜੋਗੁ ॥ ॥੧॥...**
**ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ ਨਾਦੀ ਬੇਦੀ ਪੜ੍ਹਹਿ ਪੁਰਾਣ ॥**
**ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥**
**ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ**

*ਜਿਸ ਵਿਸ਼ਨੂੰ ਦੇਵਤਾ ਦੀ ਉਪਾਸ਼ਨਾ ਆਨਮਤੀ ਜਨ ਮੁਖ ਰਖ ਕੇ ਕਰਦੇ ਹਨ, ਅਜਿਹੇ ਅਨੇਕਾਂ ਤੇ ਕ੍ਰੋੜਾਂ ਵਿਸ਼ਨੂੰ ਹਨ, ਜੋ ਕਰਤਾਰ ਵਾਹਿਗੁਰੂ ਦੀ ਕਾਇਨਾਤ ਦੇ ਅਧੀਨ ਅਵਤਾਰ ਧਾਰਦੇ ਫਿਰਦੇ ਹਨ। ਅਕਾਲ ਪੁਰਖ ਵਾਹਿਗੁਰੂ ਕਰਤਾਰ ਦੇ ਰਚੇ ਹੋਏ ਕੋਟਾਨ ਕੋਟ ਬ੍ਰਹਮੰਡ ਹਨ। ਜਿਥੇ ਕੋਟਾਨ ਕੋਟ ਧਰਮ ਕਮਾਉਣ ਦੀਆਂ ਥਾਵਾਂ ਰਚੀਆਂ ਹੋਈਆਂ ਹਨ। ਆਨਮਤੀ ਲੋਕ ਇਕ ਮਹੇਸ਼ਰ (ਮਹਾਂਦੇਵ) ਦੀ ਉਪਾਸ਼ਨਾ ਵਿਚ ਲੰਪਾਇਮਾਨ ਹੋਣ ਨੂੰ ਹੀ ਆਪਣੇ ਧਰਮੀ ਹੋਣ ਦਾ ਬੜਾ ਫ਼ਖ਼ਰ ਸਮਝਦੇ ਹਨ, ਪ੍ਰੰਤੂ ਗੁਰੂ ਕਰਤਾਰ ਸਿਰਜਨਹਾਰ ਵਾਹਿਗੁਰੂ ਦੇ ਉਪਾਏ ਹੋਏ ਕ੍ਰੋੜਾਂ ਹੀ ਮਹੇਸ਼ਰ ਹਨ, ਜਿਨ੍ਹਾਂ ਨੂੰ ਪੈਦਾ ਕਰ ਕੇ ਵਾਹਿਗੁਰੂ ਅਕਾਲ ਪੁਰਖ ਫਿਰ ਖੈ ਕਰ ਲੈਂਦਾ ਹੈ। ਹਿੰਦੂ ਲੋਕ ਇਕੋ ਬ੍ਰਹਮਾ ਦੀ ਪੂਜਾ ਨੂੰ ਮੁਖ ਰਖਦੇ ਹੋਏ ਧਰਮੀ ਬਣੇ ਫਿਰਦੇ ਹਨ, ਪਰ ਸਾਡੇ ਅਕਾਲ ਪੁਰਖ ਵਾਹਿਗੁਰੂ ਦੀ ਰਚਨਾ ਅੰਦਰ ਇੱਕ ਨਹੀਂ, ਕ੍ਰੋੜਾਂ ਹੀ ਬ੍ਰਹਮੇ ਰਚੇ ਹੋਏ ਹਨ, ਜੋ ਸ੍ਰਿਸ਼ਟੀ ਰਚਣ ਦੇ ਧੰਧੇ ਲਾਏ ਰਖੇ ਹਨ।*

**ਕਰੇਇ ॥**
**ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥੩ ॥**
**ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥**
**ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥੫ ॥੪ ॥**
**(ਬਸੰਤੁ ਮ. ੩ ਤੀਜਾ, ਪੰਨਾ: ੧੧੬੯)**

ਵਿਆਖਿਆ- ਬਹੁਤ ਸਾਰੇ ਭੇਖੀ ਲੋਕ ਸਾਰੇ ਕਪੜੇ ਲਾਹ ਕੇ ਨਾਂਗੇ ਰਹਿੰਦੇ ਹਨ, ਆਪਣੇ ਆਪ ਨੂੰ ਨਾਂਗੇ ਸਾਧੂ ਅਖਵਾਉਂਦੇ ਹਨ। ਉਹ ਬਹੁਤ ਸਾਰੇ ਭੇਖੀ ਲੰਮੀਆਂ ਲਮੀਆਂ ਜਟਾਂ ਵਧਾ ਕੇ ਜੋਗ ਕਮਾਉਂਦੇ ਹਨ ਅਤੇ ਬਹੁਤ ਸਾਰੇ ਆਨਮਤੀ ਭੇਖੀ ਜਨ ਸਿਮ੍ਰਿਤੀਆਂ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਲੋਕਾਂ ਤਾਈਂ ਸੁਣਾਉਂਦੇ ਹਨ। ਐਸੇ ਭੇਖੀ ਵੀ ਹਨ, ਜੋ ਉਚੀ ਉਚੀ ਕੂਕਣ ਨੂੰ ਨਾਦੀ ਪੰਥ ਦੇ ਬਕਤੇ ਆਪਣੇ ਆਪ ਨੂੰ ਅਖਵਾਉਂਦੇ ਹਨ। ਬੇਦਾਂ ਨੂੰ ਪੜ੍ਹਨ ਵਾਲੇ ਬੇਦੀ ਕਹਾਉਂਦੇ ਹਨ, ਬੇਦਾਂ ਪੁਰਾਨਾਂ ਨੂੰ ਪੜ੍ਹਨ ਵਾਲੇ ਬਥੇਰੇ ਫਿਰਦੇ ਹਨ। ਪ੍ਰੰਤੂ ਇਹ ਭੇਖੀ ਲੋਕ ਦੰਭ (ਪਾਖੰਡ) ਦਿਖਾਇ ਕੇ ਲੋਕਾਂ ਨੂੰ ਰੀਝਾਉਂਦੇ ਹਨ ਤੇ ਮਨ ਅੰਦਰ ਕਪਟ ਕਮਾਉਂਦੇ ਹਨ। ਅਜਿਹੇ ਪਾਖੰਡੀਆਂ, ਭੇਖੀਆਂ ਦੇ ਨੇੜੇ ਵਾਹਿਗੁਰੂ ਨਹੀਂ ਢੁਕਦਾ। ਕਈ ਇੰਦ੍ਰੀਆਂ ਨੂੰ ਵਸਗਤਿ ਕਰਨ ਦਾ ਸਾਧਨ ਕਰਨ ਵਾਲੇ ਭੇਖੀ ਦੇਖੀਦੇ ਹਨ ਤੇ ਇਸ ਨਮਿਤ ਖ਼ਾਸ ਕ੍ਰਿਆ ਵਾਲਾ ਕਪਟ ਕਮਾਉਂਦੇ ਹਨ। ਖ਼ਾਸ ਪੂਜਾ ਹੀ ਆਪਣਾ ਪਾਖੰਡ ਭੇਖ ਦਿਖਾਉਣ ਲਈ ਕਰਦੇ ਹਨ, ਉਨ੍ਹਾਂ ਦੇ ਅੰਤਰ-ਆਤਮੇ ਲੋਭ ਵਸਿਆ ਹੁੰਦਾ ਹੈ, ਮਨ ਉਨ੍ਹਾਂ ਦਾ ਅੰਤਰਗਤੀ ਬਿਖਿਆ ਦਾ ਗ੍ਰਸਿਆ ਹੋਇਆ ਹੁੰਦਾ ਹੈ। ਐਸੇ ਭੇਖੀ ਲੋਕ ਵਾਹਿਗੁਰੂ ਨਿਰੰਜਨ ਪਰਮਾਤਮਾ ਨੂੰ ਕੈਸੇ ਪਾ ਸਕਦੇ ਹਨ। ਜਿਸ ਦਾ ਜੀਵ-ਆਤਮਾ ਅਤੇ ਅੰਦਰਲਾ ਹਿਰਦਾ ਕਪਟ ਪਾਖੰਡ ਨਾਲ ਮੈਲਾ ਹੋਇਆ ਹੋਇਆ ਹੋਵੇ, ਉਹ ਚਾਹੇ ਸਾਰੇ ਦੇਸਾਂਤਰਾਂ ਅਤੇ ਲੋਆਂ ਅੰਦਰ ਭੌਂਦਾ ਫਿਰੇ ਅਤੇ ਸਾਰੇ ਤੀਰਥ ਕਰਦਾ ਫਿਰੇ, ਉਸ ਦਾ ਕੁਛ ਨਹੀਂ ਬਣਦਾ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਸੰਗ ਮਿਲਿਆਂ ਹੀ ਭਉਜਲ ਦੇ ਬੰਧ ਟੁਟਦੇ ਹਨ ਅਤੇ ਪਾਖੰਡ ਦੂਰ ਹੁੰਦੇ ਹਨ।

**ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥**
**ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥੨ ॥ ( ॥੪ ॥੧੨ ॥)**
**(ਬਸੰਤੁ ਮ. ੩, ਪੰਨਾ: ੧੧੭੫)**

ਜੋ ਲੋਕ ਭਗਵਾ ਭੇਸ ਕਰਕੇ ਗੇਰੂ ਨਾਲ ਕਪੜੇ ਰੰਗ ਲੈਂਦੇ ਹਨ ਅਤੇ ਆਪਣੇ ਆਪ ਨੂੰ ਭੇਖੀ ਉਦਾਸੀ ਸਾਧੂ ਕਹਾਉਂਦੇ ਹਨ, ਐਸੀ ਭਰਮ ਭੇਖਿ ਕ੍ਰਿਆ ਨਾਲ ਉਨ੍ਹਾਂ ਦੀ ਮੁਕਤਿ ਕਲਿਆਣ ਕਦੇ ਨਹੀਂ ਹੁੰਦੀ, ਚਾਹੇ ਕਿਤਨੇ ਵੀ ਸੰਜਮ ਕਰਦੇ ਫਿਰਨ, ਪਰ ਕਿਸੇ ਨੂੰ ਵੀ ਸੱਚੀ ਸ਼ਾਂਤਿ ਪ੍ਰਾਪਤ ਨਹੀਂ ਹੁੰਦੀ। ਜਿਨ੍ਹਾਂ ਵਡਭਾਗੇ ਗੁਰਮੁਖਿ ਜਨਾਂ ਨੂੰ ਗੁਰਮਤਿ ਨਾਮ ਪ੍ਰਾਪਤ ਹੋ ਜਾਂਦਾ ਹੈ, ਉਹੀ ਵਡਭਾਗੀ ਹਨ। ਭੇਖੀਆਂ ਭਰਮੀਆਂ ਨੂੰ ਕਦੇ ਨਹੀਂ ਹੋ ਸਕਦੀ।

**ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥**
**ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧ ॥**
**ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਾਰੀ ॥੧ ॥ਰਹਾਉ ॥**
**ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥**
**ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨ ॥**
**ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥**
**ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩ ॥**
**ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥**
**ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਾਰੀ ॥੪ ॥**
**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥**
**ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫ ॥**
**ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥**
**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬ ॥**
**ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥**
**ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥੭ ॥**
**ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥**
**ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥੮ ॥੧ ॥੮ ॥**
**(ਬਸੰਤੁ ਹਿੰਡੋਲੁ ਮ.੧ ਘਰੁ ੨, ਪੰਨਾ: ੧੧੯੦)**

ਵਿਆਖਿਆ- ਵਾਹਿਗੁਰੂ ਨਿਰੰਕਾਰ ਸਿਰਜਨਹਾਰ ਨੇ ਆਪਣੀ ਨਾਨਾ ਪ੍ਰਕਾਰੀ ਰਚਨਾ ਰਚੀ। ਨੌਂ ਖੰਡ ਰਚੇ, ਸਤ ਦੀਪ ਰਚੇ, ਚੌਦਾਂ ਭਵਨ ਰਚੇ, ਤੀਨ ਲੋਕ ਰਚੇ, ਚਾਰੇ ਜੁਗ ਕਰ ਕੇ ਸਭ ਨੂੰ ਥਾਉਂ ਥਾਈਂ ਬਿਠਾ ਦਿਤਾ। ਚਹੁੰਆਂ ਜੁਗਾਂ ਵਿਚ ਆਪਣੀ ਆਪਣੀ ਵਾਰੀ ਚਾਰੇ ਵੇਦ ਸੰਸਾਰ ਨੂੰ ਗਿਆਨ ਦੇਣ ਲਈ ਦੀਵੇ ਬਣਾਏ, ਪਰ ਉਹ ਅਗਿਆਨ ਵਿਚ ਹੀ ਰੁੜ੍ਹ ਗਏ। ਮਿਹਰਵਾਨ ਮਧੁਸੂਦਨ ਮਾਧੋ ਵਾਹਿਗੁਰੂ ਨੇ ਐਸੀ ਚਲਤ ਸ਼ਕਤੀ ਵਰਤਾਈ ਕਿ ਘਰ ਘਰ ਅੰਦਰ ਲੜਾਈ ਰੂਪੀ ਅਗਨੀ ਐਸੀ ਭੜਕਾਈ ਕਿ ਹਰੇਕ ਰਚਿਆ ਹੋਇਆ ਜੀਵ ਆਪੋ ਆਪਣੀ ਸਿਕਦਾਰੀ (ਸਰਦਾਰੀ) ਚਲਾਉਣ ਲਈ ਆਪੋ ਆਪਣਾ ਧਰਮ ਥਾਪ ਬੈਠਾ। ਤੇ ਹੇ ਕਰਤਾਰ! ਤੈਂ ਸਾਰੀ ਧਰਤੀ ਰੂਪੀ ਦੇਗ ਐਸੀ ਚਲਾਈ ਕਿ ਸਭ ਜੀਅ-ਜੰਤ ਨੂੰ ਆਪੋ ਆਪਣਾ ਛਾਂਦਾ ਵਰਤਿਆ ਵਰਤਾਇਆ ਮਿਲ ਗਿਆ, ਪਰ ਇਹ ਬਪੁੜਾ ਜੀਵ ਨਾਸ਼ੁਕਰਾ ਤੇ ਬੇਸਬਰਾ ਹੋ ਕੇ ਫੇਰ ਫੇਰ ਮੰਗਦਾ ਹੈ। ਉਹ ਦਾਤਾਰ ਦਾਤ ਕਰਦਾ ਹੀ ਰਹਿੰਦਾ ਹੈ। ਯਥਾ ਗੁਰਵਾਕ-

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥**
**(ਜਪੁ ਜੀ, ਪੰਨਾ: ੨)**

ਚਲਾਇਮਾਨ ਮਨ ਨਾਰਦ ਰੂਪ ਹੋ ਕੇ ਖੁਆਰੀ ਕਰਦਾ ਰਹਿੰਦਾ ਹੈ, ਲੋਭ ਦੇ ਅੰਧੇਰੇ ਬੰਦੀਖ਼ਾਨੇ ਵਿਚ ਅਉਗਨਾਂ ਰੂਪੀ ਲੋਹੇ ਦੀ ਬੇੜੀ ਪੈਰੀਂ ਪਾਈ ਹੀ ਰਖਦਾ ਹੈ। ਲੋਭੀ ਮੰਗਤੇ ਨੂੰ ਇਹ ਪੂੰਜੀ ਮਿਲਦੀ ਹੈ ਕਿ ਅਗੇ ਜਾ ਕੇ ਨਿਤ ਮੁਦਗਰਾਂ ਦੀ ਮਾਰ ਉਸ ਨੂੰ ਪੈਂਦੀ ਹੈ ਅਤੇ ਉਸ ਦੇ ਚਿਤਰ-ਗੁਪਤੀ ਅੰਕੁਰੇ ਹੋਏ ਪਾਪ ਉਸ ਦੀ ਕੁਤਵਾਲੀ ਕਰਦੇ ਹਨ। ਵਾਹਿਗੁਰੂ ਦੀ ਜੈਸੀ ਨਦਰ ਹੁੰਦੀ ਹੈ, ਭਾਣੇ ਅੰਦਰ ਤੇ ਕਰਮਾਂ ਅਨੁਸਾਰ ਹਰੇਕ ਜੀਵ ਨੂੰ ਚੰਗਾ ਜਾਂ ਮੰਦਾ ਬਣਾ ਦੇਂਦਾ ਹੈ। ਜਦੋਂ ਸ਼ੇਖਾਂ ਮੁਲਾਣਿਆਂ ਦੀ ਅਮਲਦਾਰੀ (ਹਕੂਮਤ) ਹੁੰਦੀ ਹੈ ਤਾਂ ਆਦਿ ਪੁਰਖ ਵਾਹਿਗੁਰੂ ਦਾ ਨਾਮ ਉਹ ਅੱਲਾ ਧਰ ਲੈਂਦੇ ਹਨ, ਦੇਵਤਿਆਂ ਦੇ ਮੰਦਰਾਂ ਨੂੰ ਉਹ ਟੈਕਸ ਲਾ ਦਿੰਦੇ ਹਨ, ਇਹੋ ਜਿਹਾ ਰਿਵਾਜ ਚਲ ਪੈਂਦਾ ਹੈ। ਨਿਮਾਜ਼ ਪੜ੍ਹਨ ਲਈ ਲੋਟਾ ਲੈ ਕੇ ਮੁਲਾਣੇ ਪਹਿਲਾਂ ਵੁਜ਼ੂ ਕਰਦੇ ਹਨ, ਫਿਰ ਮੁਸੱਲਾ ਵਿਛਾਉਂਦੇ ਹਨ, ਇਸ ਪ੍ਰਕਾਰ ਦੇ ਰਿਵਾਜ ਚਲਾ ਕੇ ਇਹੋ ਦਸਦੇ ਹਨ ਕਿ ਵਾਹਿਗੁਰੂ ਬਨਵਾਰੀ ਭੀ ਨੀਲੇ ਬਾਣੇ ਵਾਲਾ ਹੈ, ਘਰ ਘਰ ਵਿਚ ਮੀਆਂ ਮੀਆਂ ਹੋਣ ਲਗ ਪੈਂਦੀ ਹੈ ਅਤੇ ਬੋਲੀ ਵੀ ਹੋਰ ਹੋਰ ਬੋਲਣ ਲਗ ਪੈਂਦੇ ਹਨ ਕੀ ਹਿੰਦੂ ਕੀ ਤੁਰਕ। ਹੇ ਸੱਚੇ ਸਾਹਿਬਾ! ਧਰਤੀ ਦੇ ਪਤੀ ਮਾਲਕਾ! ਜੇ ਤੈਂ ਨੇ ਹੀ ਐਸਾ ਭਾਣਾ ਵਰਤਾਇਆ ਹੈ ਤਾਂ ਸਾਡਾ ਜੀਵਾਂ ਦਾ ਕੀ ਜ਼ੋਰ ਹੈ, ਜੋ ਅਸੀਂ ਇਸ ਨੂੰ ਬਦਲ ਸਕੀਏ। ਜੇ ਭਾਣਾ ਵਰਤੇਗਾ ਤਾਂ ਘਰ ਘਰ ਅੰਦਰ ਤੇਰੀ ਹੀ ਸਿਫ਼ਤ ਸਲਾਹ ਹੋਵੇਗੀ, ਚਾਰੇ ਕੁੰਟ ਤੇਰੇ ਅਗੇ ਨਿਵਣਗੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜੇ ਨਾਮ ਰੂਪੀ ਵਡਿਆਈ ਮਿਲ ਜਾਵੇ ਤਾਂ ਇਕ ਘੜੀ ਮਾਤਰ ਨਾਮ ਰੂਪੀ ਸੁਕ੍ਰਿਤ ਕਾਰ ਕੀਤੀ ਹੋਈ ਪਰਵਾਨ ਪੈ ਜਾਂਦੀ ਹੈ। ਹਿੰਦੂਆਂ ਦੇ ਤੀਰਥ ਆਦਿ ਤੋਂ ਜੋ ਕੁਛ ਲਾਭ ਲਾਹਾ ਦਿਹਾੜੀ (ਮਜ਼ਦੂਰੀ) ਦੇ ਤੌਰ ਤੇ ਮਿਲਦਾ ਸੀ, ਉਹ ਘੜੀ ਦੇ ਸਿਮਰਨ ਨਾਲ ਮਿਲ ਪੈਂਦਾ ਹੈ। ਐਸੀ ਗੁਰਮਤਿ ਨਾਮ ਦੀ ਵਡਿਆਈ ਹੈ। ਹੋਰ ਸਭ ਭੇਖ ਕੀਤੇ ਫ਼ਜ਼ੂਲ ਹਨ।

**(ਬਾਕੀ ਅਗਲੇ ਅੰਕ 'ਚ)**

# ਪੰਡਤ ਮਾਨ ਸਿੰਘ ਸ਼ਾਸਤ੍ਰੀ ਦੀ ਕਹਾਣੀ



ਗੁਰਪੁਰਵਾਸੀ ਭਾਈ ਸਾਹਿਬ
ਭਾਈ ਰਣਧੀਰ ਸਿੰਘ ਜੀ

**ਸੱਚੇ ਸਤਿਗੁਰੂ ਭੇਟਿਆਂ ਹੀ ਸੱਚੇ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚੇ ਸਤਿਗੁਰੂ ਦੁਆਰਿਓਂ ਹੀ, ਸੱਚੀ ਦੀਖਿਆ ਲੈ ਕੇ ਹੀ ਸੱਚਾ ਨਾਮ ਮਨ ਵਿਖੇ ਵਸਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਉਤੇ ਸਤਿਗੁਰ ਦੀ ਅਪਾਰ ਮੇਹਰ ਹੋਵੇ, ਉਹ ਹੀ ਇਸ ਗੁਰਦੀਖਿਆ ਦੀ ਪ੍ਰਾਪਤੀ ਕਰ ਸਕਦੇ ਹਨ। ਆਸ ਅੰਦੇਸੇ ਵਾਲੀ ਚਿੰਤਾ ਨੂੰ ਅਤੇ ਬਪੜੀ ਮਮਤਾ-ਮਈ ਹਉਮੈ ਨੂੰ ਕੇਵਲ ਗੁਰ-ਸ਼ਬਦ-ਦੀਖਿਆ ਦੁਆਰੇ ਹੀ ਜਲਾ ਸਕੀਦਾ ਹੈ। ਏਸੇ, ਕੇਵਲ ਏਸੇ ਨਿਹਕੇਵਲ ਪਦ ਪ੍ਰਾਪਤ ਹੋਣ ਪਰ ਹੀ ਗਤਿ-ਕਲਿਆਣ ਹੋ ਸਕਦੀ ਹੈ। ਗੁਰਮਤਿ ਤੋਂ ਛੁਟ ਹੋਰ ਆਨਮਤੀ ਭੇਖ-ਧਾਰੀ ਪਾਖੰਡ ਧਾਰਨ ਕੀਤਿਆਂ ਕੱਖ ਨਹੀਂ ਬਣ ਸਕਦਾ।**

ਇਕ ਵਾਰ ਦਾ ਜ਼ਿਕਰ ਹੈ ਕਿ ਨਾਰੰਗਵਾਲ ਬੁੰਗੇ ਵਿਚ ਪ੍ਰਕਾਸ਼ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਵੇਲੇ ਬੈਠਾ ਹੋਇਆ ਇਹ ਦਾਸਰਾ ਨਾਮ ਅਭਿਆਸ ਕਮਾਈ ਕਰ ਰਿਹਾ ਸੀ, ਕਿ ਦਿਨ ਚੜ੍ਹਦੇ ਹੀ ੨੫-੩੦ ਸਿੰਘਾਂ ਦਾ ਇਕ ਦਰਸ਼ਨ-ਦੀਦਾਰੀ ਜਥਾ ਆਇ ਨਮੂਦਾਰ ਹੋਇਆ। ਆਉਂਦੇ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਮੱਥਾ ਟੇਕ ਕੇ ਸਜ ਗਏ। ਉਨ੍ਹਾਂ ਵਿਚੋਂ ਇਕ ਸਿੰਘ ਬੜੇ ਹੀ ਖਾਲਸਈ ਜਬ੍ਹੇ ਵਾਲਾ ਅਤੇ ਖੁਲ੍ਹੇ ਦਾੜ੍ਹੇ ਵਾਲਾ ਦੀਦਾਰੀ ਸਿੰਘ ਸੀ।

ਇਸ ਜਥੇ ਨੂੰ ਦੇਖਦੇ ਹੀ ਦਾਸ ਨੇ ਬੜੇ ਆਦਰ ਦੇ ਨਾਲ ਸਭ ਨੂੰ ਫਤਿਹ ਗਜਾ ਕੇ ਅਤੇ ਖਲੋ ਕੇ ਬੇਨਤੀ ਕੀਤੀ ਕਿ ਅੰਮ੍ਰਿਤ ਵੇਲੇ ਹੀ ਬੜੀ ਕਿਰਪਾ ਹੋਈ ਹੈ, ਆਪ ਸਿੰਘਾਂ ਨੇ ਦੀਦਾਰ ਦੇ ਕੇ ਨਿਹਾਲ ਕੀਤਾ ਹੈ। ਦਾਸ ਦਾ ਦੁਖ-ਦਲਿੱਦਰ ਸਭ ਕਾਫ਼ੂਰ ਹੋ ਗਿਆ ਹੈ। ਦਾਸ ਨੂੰ ਦਾਸ ਗੋਚਰੀ ਕੋਈ ਸੇਵਾ ਦੱਸੋ, ਜਿਸ ਦੇ ਕਰਨ ਵਿਚ ਮੈਂ ਤਤਪਰ ਹੋ ਜਾਵਾਂ।

ਇਨ੍ਹਾਂ ਵਿਚੋਂ ਜਬ੍ਹੇ ਵਾਲਾ, ਦੀਦਾਰੇ ਵਾਲਾ ਜਥੇਦਾਰ ਸਿੰਘ ਬੋਲਿਆ ਕਿ ਜਿਸ ਸੇਵਾ ਲਈ ਆਏ ਹਾਂ, ਬਸ, ਉਹ ਹੀ ਸੇਵਾ ਸੁਣ ਲਵੋ, ਹੋਰ ਸੇਵਾ ਦੀ ਕੋਈ ਲੋੜ ਨਹੀਂ। ਦਾਸ ਨੇ ਸਨਿਮਰ ਬੇਨਤੀ ਕੀਤੀ ਕਿ ਉਹ ਸੇਵਾ ਭੀ ਪਿਛੋਂ ਕਰੀ ਸੁਣੀ ਜਾਏਗੀ, ਪਹਿਲਾਂ ਆਪ ਛਕਣ ਛਕਾਉਣ ਵਾਲੀ ਸੇਵਾ ਦੱਸੋ, ਕੀ ਕਰੀਏ, ਜਿਸ ਨੂੰ ਕਰ ਕੇ ਅਸੀਂ ਕ੍ਰਿਤਾਰਥ ਹੋ ਸਕੀਏ। ਉਹਨਾਂ ਬਚਨ ਕੀਤਾ ਕਿ ਗੱਫੇ ਤਾਂ ਅਸੀਂ ਸਾਰੇ ਹੀ ਲਾ ਕੇ ਆਏ ਹਾਂ ਅਤੇ ਭਰਪੂਰ ਹੋ ਕੇ ਆਏ ਹਾਂ। ਵਿਚੋਂ ਹੀ ਗੱਲ ਟੁਕ ਕੇ ਦਾਸ ਨੇ ਪੁਛਿਆ ਕਿ ਏਤਨੇ ਸਵੇਰੇ ਹੀ ਗੱਫੇ ਆਪ ਕਿਥੋਂ ਲਾ ਆਏ? ਉਹਨਾਂ ਨੇ ਉਸ ਵਕਤ ਇਹ ਉਤਰ ਦਿਤਾ ਕਿ ਅਸੀਂ ਕੁਟੀਆ ਤੋਂ ਸਭ ਕੁਛ ਛਕ ਕੇ ਆਏ ਹਾਂ। ਰਾਤ ਅਸੀਂ ਸਭ ਕੁਟੀਆ (ਸਾਡੇ ਪਿੰਡ ਨਾਰੰਗਵਾਲ ਤੋਂ ਬਾਹਰ ਕੁਝ ਬੁੱਤ ਬਣੇ ਹੋਏ ਹਨ। ਉਸ ਦੇ ਉਦਾਲੇ ਛਪਾਲੇ ਰਹਿਣ ਵਾਲੇ ਬੁੱਤ-ਪ੍ਰਸਤਾਂ ਦੀਆਂ ਜੋ ਝੁੱਗੀਆਂ ਹਨ, ਉਹ ਕੁਟੀਆ ਦੇ ਨਾਮ ਤੋਂ ਮਸ਼ਹੂਰ ਹਨ।) ਵਿਚ ਹੀ ਰਹੇ ਸਾਂ।

ਇਹ ਬਚਨ ਸੁਣ ਕੇ ਮੈਂ ਬੈਠ ਗਿਆ ਅਤੇ ਦਾਸ ਨੇ ਦੂਜਾ ਸਵਾਲ ਇਹ ਕੀਤਾ ਕਿ ਆਪ ਰਾਤੀ ਨਾਰੰਗਵਾਲ ਦੀਆਂ ਕੁਟੀਆਂ ਵਿਖੇ ਰਹੇ ਹੋ ਤੇ ਏਦੂੰ ਪਿਛਲੀ ਰਾਤ ਆਪ ਪਿੰਡ ਰਾਇਪੁਰ ਦੇਵੀ ਪੁਰੀ ਸਾਧ ਦੇ ਡੇਰੇ ਰਹੇ ਹੋਵੋਗੇ? ਸੁਣ ਕੇ ਉਹਨਾਂ ਨੇ ਕਿਹਾ, ਹਾਂ, ਬਿਲਕੁਲ ਠੀਕ ਹੈ, ਅਸੀਂ ਸਾਰੇ ਪਿਛਲੀ ਰਾਤ ਦੇਵੀ-ਪੁਰੀ ਸਾਧੂ ਦੇ ਡੇਰੇ ਹੀ ਰਹੇ ਸਾਂ ਅਤੇ ਉਥੇ ਹੀ ਇਸ਼ਨਾਨ ਕੀਤਾ ਸੀ ਅਤੇ ਖਾਣ ਪੀਣ ਕੀਤਾ ਸੀ। ਉਹਨਾਂ ਦੀ ਇਹ ਗੱਲ ਸੁਣ ਕੇ ਦਾਸ ਆਪਣੇ ਦਿਲੋਂ ਖਾਲਸਈ ਸਪਿਰਟ ਤੇ ਜੁੱਸੇ ਵਿਚ ਜ਼ਰਾ ਸਖ਼ਤੀ ਨਾਲ ਬੋਲਿਆ ਕਿ ਤੁਸੀਂ ਦੇਖਣ ਪਾਖਣ ਨੂੰ ਗੁਰੂ ਦਸਮੇਸ਼ ਜੀ ਦੇ ਘਰ ਦੇ ਸਜੀਲੇ ਅਤੇ ਤਿਆਰ-ਬਰ-ਤਿਆਰ ਸਿੰਘ ਪ੍ਰਤੀਤ ਹੁੰਦੇ ਹੋ, ਪਰ ਇਹ ਗੱਲ ਬੜੀ ਹੀ ਅਯੋਗ ਹੈ ਕਿ "ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥੧॥...॥੫॥੩੮॥" (ਗਉੜੀ ਭੀ ਸੋਰਠਿ ਭੀ, ਕਬੀਰ ਜੀ, ਪੰਨਾ: ੩੩੦) ਤੁਸੀਂ ਏਡੇ ਸਤਿਗੁਰੂ ਨਾਨਕ ਦਸਮੇਸ਼ ਦੇ ਸੇਵਕ ਹੋ ਕੇ ਇਹਨਾਂ ਆਨਮਤੀ ਭੇਖੀਆਂ ਦੇ ਡੇਰੇ ਕੀ ਖੇਹ ਛਾਨਣ ਗਏ ਸੀ? 'ਉਥੇ ਗਏ ਰਹੇ ਤੁਸੀਂ', ਸੋ ਮੈਨੂੰ ਇਹ ਸੁਣ ਕੇ ਬੜੀ ਸ਼ਰਮ ਆਉਂਦੀ ਹੈ। ਇਹ ਗੱਲ ਸੁਣ ਕੇ ਉਹ ਜਥੇਦਾਰ ਸਿੰਘ ਨਿਝਕ ਹੋ ਕੇ ਬੋਲਿਆ ਕਿ ਸਿੰਘ ਸਾਹਿਬ ਜੀ, ਭਾਵੇਂ ਮਾਰੋ ਭਾਵੇਂ ਛਡੋ, ਅਸੀਂ ਗਏ ਜ਼ਰੂਰ ਸਾਂ ਇਹਨਾਂ ਦੋਵਾਂ ਥਾਵਾਂ 'ਤੇ, ਨਹੀਂ ਬਲਕਿ ਅਨੇਕਾਂ ਅਜਿਹੇ ਥਾਵਾਂ ਤੇ ਘੁੰਮਦੇ ਆਏ ਹਾਂ। ਆਪ ਪੁਛੋਗੇ ਕਿਉਂ? ਸੋ ਉਸ ਦਾ ਉਤਰ ਸੁਣ ਲਓ:

ਆਪ ਦੇ ਪਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰਾ ਹਜ਼ੂਰ ਸੱਚੋ ਸੱਚ ਹੀ ਦਸਦਾ ਹਾਂ, ਦਾਸ ਦਾ ਨਾਮ (ਸ਼ਾਇਦ ਆਪ ਨੇ ਸੁਣਿਆ ਹੋਵੇ) ਮਾਨ ਸਿੰਘ ਹੈ। ਮੈਂ ਨਿਰਮਲਾ ਹਾਂ। ਮੇਰੇ ਭੇਖ ਤੇ ਨ ਭਿੱਜੋ, ਮੈਂ ਬੜਾ ਸਭਾ-ਜਿੱਤ ਕਹਾਉਂਦਾ ਹਾਂ। ਕਨਖਲ ਆਦਿਕ ਹਿੰਦੂ-ਤੀਰਥਾਂ ਉਤੇ ਹੀ ਘੁੰਮਦਾ ਰਹਿੰਦਾ ਹਾਂ। ਮੇਰੇ ਸਾਹਮਣੇ ਬਹਿਸ ਵਿਚ ਕੋਈ ਨਹੀਂ ਅੜਿਆ। ਬੜੇ ਬੜੇ ਮੱਤਾਂ ਦੇ ਉਘੇ ਪੰਡਤਾਂ ਨੇ ਮੇਰੇ ਨਾਲ ਬਹਿਸ ਕੀਤੀ ਅਤੇ ਸਭ ਨੂੰ ਮੈਂ ਹਾਰ ਦਿਤੀ। ਸਨਾਤਨ ਧਰਮੀਆਂ, ਆਰੀਆ ਸਮਾਜੀਆਂ, ਗੱਲ ਕੀ, ਸਭ ਮਤ-ਮਤਾਂਤਰਾਂ ਦੇ ਵਡੇ ਵਡੇ ਬਹਿਸ ਕਰਨ ਵਾਲਿਆਂ ਨੂੰ ਮੈਂ ਬਹਿਸ ਕਰਨ ਵਿਚ ਹਰਾ ਲਿਆ। ਮੇਰੇ ਸਿੱਕੇ ਨੂੰ ਹਰ ਕੋਈ ਮੰਨਦਾ ਹੈ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੀ ਸ਼ੁਧ ਅਖੰਡਪਾਠੀ ਹਾਂ, ਮੇਰੇ ਸਾਰਖਾ ਕੋਈ ਅਖੰਡ ਪਾਠ ਨਹੀਂ ਕਰ

ਸਕਦਾ, ਨਾ ਹੀ ਬਾਣੀ ਪੜ੍ਹ ਸਕਦਾ ਹੈ। ਗੁਰਬਾਣੀ ਦੀ ਕਥਾ ਕਰਨ ਵਿਚ ਮੈਂ ਪ੍ਰਬੀਨ ਹਾਂ। ਇਹ ਸਾਰੇ ਹੀ ਮੇਰੇ ਨਾਲ ਚੌਵੀ-ਪੱਚੀ ਵਿਦਿਆਰਥੀ ਬੈਠੇ ਹਨ। ਅਜਿਹੇ ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਸੈਂਕੜੇ ਵਿਦਿਆਰਥੀਆਂ ਨੂੰ ਕਥਾ ਸਿਖਾ ਸਿਖਾ ਕੇ ਮੈਂ ਆਇਆ ਹਾਂ। ਆਪ ਸੱਚ ਕਰਕੇ ਜਾਣੋ ਕਿ ਮੈਨੂੰ ਹਰ ਪ੍ਰਕਾਰ ਦੀ ਗੁਰਮਤਿ ਤੇ ਹੋਰ ਵਿਦਿਆ ਉਤੇ ਬੜਾ ਮਾਣ ਹੈ। ਪਰ ਇੰਨੇ ਮਾਣ ਦੇ ਹੁੰਦਿਆਂ ਤੇ ਇਤਨੀਆਂ ਪੜ੍ਹਾਈਆਂ ਦਾ ਪੜ੍ਹਾਕੂ ਹੁੰਦਿਆਂ ਹੋਇਆਂ ਭੀ ਮੈਂ ਅੰਦਰੋਂ ਸੱਖਣਾ ਹਾਂ, ਮੈਂ ਸੱਚੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਹੋਇਆ। ਸਮੱਗਰ ਗੁਰਬਾਣੀ ਜਿਸ ਨਾਮ ਨੂੰ ਦ੍ਰਿੜ੍ਹਾਉਂਦੀ ਹੈ ਉਹ ਗੁਰਮਤਿ ਨਾਮ ਮੈਨੂੰ ਉੱਕਾ ਹੀ ਪ੍ਰਾਪਤ ਨਹੀਂ ਹੋਇਆ। ਹੁਣ ਮੈਂ ਆਪਣੇ ਅੰਦਰ ਦੀ ਹਾਲਤ ਨੂੰ ਵਿਚਾਰ ਕੇ ਤੇ ਲੂਹਰੀਆਂ ਲੈ ਕੇ ਇਸ ਅੰਦਰਲੀ ਗੁਪਤ ਸ਼ਾਂਤ ਨੂੰ ਪ੍ਰਾਪਤ ਕਰਨ ਲਈ, ਜੋ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦੀ ਹੈ, ਆਪਣੇ ਮੁਕਾਮ ਧਾਮ ਤੋਂ ਚੜ੍ਹਿਆ ਹਾਂ ਕਿ ਜਿਥੇ ਭੀ ਇਹ ਸ਼ਾਂਤੀ ਮਿਲੇ ਤੇ ਗੁਰਮਤਿ ਨਾਮ ਪ੍ਰਾਪਤ ਹੋਵੇ, ਉਥੋਂ ਹੀ ਇਹ ਪ੍ਰਾਪਤੀ ਕਰਕੇ ਛਡਣੀ ਹੈ, ਭਾਵੇਂ ਕਿਤੋਂ ਹੋਵੇ। ਏਸ ਨਮਿਤ ਮੈਂ ਕਿਸੇ ਭੀ ਸਾਧ ਸੰਤ ਨੂੰ ਨਹੀਂ ਛਡਿਆ, ਕਿਸੇ ਭੀ ਭੇਖ ਭੇਖ-ਧਾਰੀ ਡੇਰੇ ਤੇ ਜਾਣ ਤੋਂ ਸੰਕੋਚ ਨਹੀਂ ਕੀਤੀ। ਨਾਮਧਾਰੀ, ਕਹੌਤੀ ਨਿਰੰਕਾਰੀ, ਰਾਧਾ ਸਵਾਮੀ ਆਦਿਕ ਜਿਥੋਂ ਭੀ ਕੋਈ ਉੱਘਾ ਸਾਧ ਸੰਤ ਸੁਣਿਆ ਉਥੇ ਹੀ ਮੈਂ ਪਹੁੰਚਿਆ। ਵਿਚੋਂ ਹੀ ਉਸ ਦੀ ਗੱਲ ਟੁਕ ਕੇ ਮੈਂ ਆਖਿਆ, ਉਥੇ ਭੀ ਤੂੰ ਖੱਜਲ ਖੁਆਰ ਹੀ ਹੋਇਆ, ਪ੍ਰਾਪਤੀ ਕੀ ਹੋਈ ? ਉਤਰ ਵਿਚ ਮਾਨ ਸਿੰਘ ਨੇ ਕਿਹਾ ਕਿ ਪ੍ਰਾਪਤੀ ਕੀ ਹੋਈ, ਕੁਝ ਭੀ ਨਹੀਂ ਹੋਈ, ਮੇਰੀ ਅੰਦਰਲੀ ਤਪਤ, ਅਸ਼ਾਂਤ ਤਪਤ ਦੂਰ ਨਹੀਂ ਹੋਈ। ਹਰ ਇਕ ਭੇਖੀ ਸਾਧ ਸੰਤ ਨੇ ਜਿਸ ਦੇ ਪਾਸ ਮੈਂ ਗਿਆ (ਆਪ ਦੇ ਬਚਨਾਂ ਮੁਤਾਬਕ) ਮੈਂ ਖੱਜਲ ਖੁਆਰ ਹੋਇਆ। ਆਪੋ ਆਪਣੇ ਮੱਤ, ਆਪਣਾ ਮੰਤਰ ਫੂਕਣੋਂ ਸੰਕੋਚ ਨਹੀਂ ਕੀਤਾ ਅਤੇ ਮੈਂ ਲੈਣੋਂ ਸੰਕੋਚ ਨਹੀਂ ਕੀਤਾ, ਪਰ ਮੇਰਾ ਬਣਿਆ ਕੁਛ ਨਹੀਂ।

ਇਸ ਪਰ ਦਾਸ ਨੇ ਆਖਿਆ ਕਿ ਜੇ ਤੇਰਾ ਕੁਝ ਨਹੀਂ ਬਣਿਆ ਤਾਂ ਇਨ੍ਹਾਂ ਮਾਸੂਮ ਜਿੰਦੜੀਆਂ ਨੂੰ, ਜਿਨ੍ਹਾਂ ਨੂੰ ਤੈਂ ਆਪਣੇ ਵਿਦਿਆਰਥੀ ਬਣਾਇਆ ਹੋਇਆ ਹੈ, ਇਨ੍ਹਾਂ ਨੂੰ ਕਥਾ-ਕਹਾਣੀ ਸਿਖਾ ਕੇ ਉਕੇ ਕੁਫੱਕੜ ਗਿਆਨੀ ਬਣਾਉਣ ਡਿਹਾ ਹੈਂ। ਇਨ੍ਹਾਂ ਨੂੰ ਤੂੰ ਕਿਉਂ ਖੱਜਲ ਖੁਆਰ ਕਰਦਾ ਹੈ ? ਤੈਂ ਮਹਾਂ ਘੋਰ ਪਾਪ ਕੀਤਾ ਹੈ ਕਿ ਇਸ ਗੱਲ ਨੂੰ ਜਾਣਦਿਆਂ ਹੋਇਆਂ ਕਿ ਤੂੰ ਆਪ ਖੁਦ ਅੰਦਰੋਂ ਸੱਖਣਾ ਹੈਂ, ਇਨ੍ਹਾਂ ਮਾਸੂਮ ਜਿੰਦੜੀਆਂ ਨੂੰ ਖ਼ਾਹ-ਮਖ਼ਾਹ ਖੱਜਲ ਖੁਆਰ ਕਰਨ ਦਾ ਕਿਉਂ ਚਸਕਾ ਪਿਆ ਹੋਇਆ ਹੈ ? ਤੂੰ ਜਾਹ ਏਥੋਂ ਹੀ ਪਿਛਾਂਹ ਮੁੜ ਜਾਹ, ਹੋਰ ਖੱਜਲ ਖੁਆਰ ਨਾ ਹੋ। ਜਿਹੜੇ ਪੂਰਾਂ ਦੇ ਪੂਰ ਵਿਦਿਆਰਥੀਆਂ ਨੂੰ ਤੈਂ ਫੋਕੀਆਂ ਪੜ੍ਹਾਈਆਂ ਪੜ੍ਹਾ ਪੜ੍ਹਾ ਕੇ ਅਤੇ ਨਿਗੁਣੀਆਂ ਕਥਾਵਾਂ ਸਿਖਾ ਸਿਖਾ ਕੇ ਘਰਾਂ ਤੋਂ ਬੇਘਰ ਕੀਤਾ ਹੈ, ਉਨ੍ਹਾਂ ਨੂੰ ਪਹਿਲਾਂ ਆਪਣੇ ਆਪਣੇ ਘਰੀਂ ਜਾ ਬਿਠਾਇ ਆ, ਫੇਰ ਤੂੰ ਇਕੱਲਾ ਹੀ ਆਈਂ, ਤੇਰੀ ਹਾਲਤ 'ਤੇ ਰਹਿਮ ਕਰ ਕੇ ਇਸ ਗੱਲ ਦਾ ਇਕਰਾਰ ਤੇਰੇ ਨਾਲ ਪੱਕਾ ਕਰਦੇ ਹਾਂ ਕਿ ਨਾਮ ਅਭਿਆਸੀ ਜੋਤਿ ਵਿਗਾਸੀ ਪੰਜਾਂ ਪਿਆਰਿਆਂ ਦਾ ਪੁੰਜ ਤੇਰੇ ਲਈ ਤਿਆਰ ਰਖਾਂਗੇ, ਜਿਨ੍ਹਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਕੋਲੋਂ ਗੁਰ-ਦੀਖਿਆ ਲੈਂਦੇ ਸਾਰ ਹੀ ਤੇਰੀ ਸ਼ਾਂਤ-ਕਲਿਆਣ ਹੋ ਜਾਵੇਗੀ। ਕਿਉਂਕਿ ਇਸ ਘੋਰ ਕਲਜੁਗੀ ਪਹਿਰੇ ਅੰਦਰ ਦਸਮੇਸ਼ ਪਿਤਾ ਜੀ ਨੇ ਜੋਤਿ-ਕਲਿਆਣੀ ਸੱਚੀ ਗੁਰ-ਦੀਖਿਆ ਦੇ ਵਿਖਾਉਣ ਦਾ ਗੁਰੂ ਸਰੂਪ ਮਰਤਬਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਪੰਜਾਂ ਪਿਆਰਿਆਂ ਨੂੰ ਦੇ ਦਿਤਾ ਹੈ, ਹੋਰ ਭਾਵੇਂ ਕੋਈ ਕਿਤਨਾ ਹੀ ਵਡੇ ਤੋਂ ਵਡਾ ਭੇਖਧਾਰੀ ਸੰਤ ਕਹਾਉਂਦਾ ਫਿਰੇ, ਉਹ ਇਕੱਲਾ ਗੁਰ-ਦੀਖਿਆ ਨਹੀਂ ਦੇ ਸਕਦਾ ਅਤੇ ਨਾ ਕਲਿਆਣਕਾਰੀ ਹੋ ਸਕਦੀ ਹੈ।

ਇਹ ਬਿਲਾਸ ਸੁਣ ਕੇ, ਸਤ ਬਚਨ ਆਖ ਕੇ ਪਿਛੇ ਮੁੜਨ ਨੂੰ ਤਤਛਿਨ ਹੀ ਤਿਆਰ ਹੋ ਗਿਆ ਤੇ ਕਹਿਣ ਲੱਗਾ, "ਮੇਰੇ ਧੰਨ ਭਾਗ ਹਨ, ਮੈਂ ਏਥੇ ਪੁੱਜਾ, ਬਚਨ ਤੁਹਾਡੇ ਭਾਵੇਂ ਕੋਰੇ ਕਰਾਰੇ ਅਤੇ ਸਖ਼ਤ ਹਨ, ਪਰ ਬੜੇ ਪਿਆਰੇ ਲਗਦੇ ਹਨ। ਮੈਂ ਹਾਲੇਂ ਪਤਾ ਨਹੀਂ ਕਿਥੇ ਕਿਥੇ ਜਾ ਕੇ ਖੱਜਲ ਖੁਆਰ ਹੋਣਾ ਸੀ, ਮੈਂ ਹੁਣ ਅਗਾਹਾਂ ਹੋਰ ਕਿਤੇ ਨਹੀਂ ਜਾਵਾਂਗਾ, ਆਪ ਦੇ ਕਹੇ ਅਨੁਸਾਰ ਇਨ੍ਹਾਂ ਪੂਰਾਂ ਦੇ ਪੂਰ ਮਾਸੂਮ ਜਿੰਦੜੀਆਂ ਦੀ ਬਰਕਰਾਰੀ ਕਰਨ ਦਾ ਪੂਰਾ ਪੂਰਾ ਜਤਨ ਕਰਾਂਗਾ ਅਤੇ ਗੱਡੀਆਂ ਦੀਆਂ ਗੱਡੀਆਂ ਜਿਹੜੀਆਂ ਪੁਸਤਕਾਂ ਮੈਂ ਲੱਦੀ ਫਿਰਦਾ ਹਾਂ, ਉਹ ਸਭ ਵਾਪਸ ਦੇ ਆਵਾਂਗਾ, ਤਾਂਕਿ ਮੇਰਾ ਸਭਾ-ਜੀਤ ਹੋਣ ਦਾ ਕੂੜਾਵਾ ਮਾਣ ਉੱਕਾ ਹੀ ਮੁੱਕ ਠੁੱਕ ਜਾਵੇ।"

ਦੋ ਤਿੰਨ ਸਾਲ ਤਾਈਂ ਅਸੀਂ ਉਸ ਨੂੰ ਬਹੁਤ ਉਡੀਕਿਆ, ਪਰ ਉਹ ਬਹੁੜਿਆ ਨਹੀਂ। ਪਿਛੋਂ ਪਤਾ ਲੱਗਾ ਕਿ ਉਹ ਚੜ੍ਹਾਈਆਂ ਕਰ ਗਿਆ ਹੈ। ਹੁਣ ਤਾਂ ਅਗਲੇ ਜਨਮ ਵਿਚ ਹੀ ਉਸ ਦਾ ਨਿਸਤਾਰਾ ਹੋਵੇਗਾ। ਇਹੋ ਜਿਹੇ ਲੇਖ ਲਿਖ ਕੇ ਪੜ੍ਹਨ ਵਾਲੇ ਕੇਤੇ ਹੀ ਪੜ੍ਹ ਪੜ੍ਹ ਕੇ, ਕੜ੍ਹ ਕੜ੍ਹ ਕੇ ਚਲੇ ਗਏ, "ਲਿਖ ਲਿਖ ਪੜਿਆ ਤੇਤਾ ਕੜਿਆ" ਵਾਲੀ ਹਉਮੈ-ਮਈ ਝਾਖ ਨੂੰ ਝਖ ਝਖ ਕੇ ਜਾਂਦੇ ਲੱਗੇ।

ਇਸ ਸਾਰੇ ਗੁਰਵਾਕ ਅੰਦਰ ਗੁਰੂ ਸਾਹਿਬ ਨੇ ਕਰਮ ਕਾਂਡ ਤੇ ਹਉਮੈ ਵਾਲੇ ਭੇਖ ਨੂੰ ਭੰਡਿਆ ਹੈ। ਬਹੁਤੇ ਤੀਰਥਾਂ 'ਤੇ ਭਾਲਣ ਵਾਲੇ ਅਤੇ ਤੀਰਥੀਂ ਭਵ ਭਵ ਕੇ ਬਹੁਤਾ ਬੋਲਣ ਵਾਲੇ, ਤੇ ਬਹੁਤਾ ਭੇਖ ਕਰਕੇ ਦੇਹੀ ਨੂੰ ਦੁਖ ਦੇਣ ਵਾਲੇ ਪਾਖੰਡੀਆਂ ਨੂੰ ਖ਼ੂਬ ਦਾਖੂ ਦਾਣੇ ਦਿਤੇ ਹਨ, ਆਪਣਾ ਕੀਤਾ ਕਮਾਉਣ ਅਤੇ ਪਾਉਣਗੇ। ਅੰਨ ਨਾ ਖਾਣ ਵਾਲੇ ਅਤੇ ਅੰਨ ਨਾ ਖਾ ਕੇ ਸਵਾਦ ਗਵਾਣ ਵਾਲੇ ਭੇਖੀਆਂ ਨੂੰ ਭੀ ਗੁਰੂ ਸਾਹਿਬ ਨੇ "ਬਹੁ ਦੁਖੁ ਪਾਇਆ ਦੂਜਾ ਭਾਇਆ" ਦੇ ਗੁਰਵਾਕ ਦੀ ਸੱਟ ਮਾਰੀ ਹੈ। ਗੁਰਮਤਿ ਨੂੰ ਛਡ ਕੇ ਸਭ ਲੁਕਾਈ ਦੂਜੇ ਭਾਵ ਕੀ ਉਪਾਸ਼ਨਾ ਵਿਚ ਖਚਤ ਹੋ ਕੇ ਦੁਖੀ ਹੋਈ ਫਿਰਦੀ ਹੈ। ਜਿਹੜੇ ਪਾਖੰਡੀ ਬਸਤਰ ਨਹੀਂ ਪਹਿਨਦੇ ਅਤੇ ਨੰਗੇ ਹੀ ਰਹਿੰਦੇ ਹਨ, ਉਹਨਾਂ ਉੱਤੇ ਦਿਨ ਰਾਤ ਕਹਿਰ ਕਸ਼ਟ ਹੀ ਵਰਤਦਾ ਰਹਿੰਦਾ ਹੈ। ਜਿਹੜੇ ਮੋਨਧਾਰੀ ਕੂੜਾਵੀ ਪਾਖੰਡ-ਸਮਾਧੀ ਲਾਉਣ ਵਿਚ ਖੁਆਰ ਹੁੰਦੇ ਹਨ, ਉਨ੍ਹਾਂ ਨੂੰ ਸਪੱਸ਼ਟ ਦਸਿਆ ਗਿਆ ਹੈ ਕਿ "ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ" ਦੇ ਵਾਕ ਅਨੁਸਾਰ ਕਦੇ ਭੀ ਗੁਰੂ ਬਾਝੋਂ ਨਿਸਤਾਰਾ ਨਹੀਂ ਹੋ ਸਕਦਾ। ਜੁਗਾਂ ਜੁਗੰਤਰਾਂ ਦੇ ਸੁੱਤੇ ਹੋਏ, ਉਹ ਗੁਰੂ ਬਾਝੋਂ ਕਦੇ ਭੀ ਜਾਗ ਸੁਜਾਗੇ ਨਹੀਂ ਹੋ ਸਕਦੇ। ਨੰਗੇ ਪੈਰੀਂ ਫਿਰਨ ਵਾਲੇ ਅਤੇ ਭੱਖ ਅਭੱਖ ਖਾਣ ਵਾਲੇ ਤੇ ਸਿਰ ਵਿਚ ਸਵਾਹ ਪਾ ਕੇ ਖ਼ਾਕ ਛਾਨਣ ਵਾਲੇ ਭੇਖ-ਧਾਰੀਆਂ ਦੀ ਖ਼ੂਬ ਖ਼ਬਰ ਲਈ ਗਈ ਹੈ। ਐਸੇ ਮੂਰਖ ਅੰਧਿਆਂ ਨੇ ਏਥੇ ਭੀ ਆਪਣੀ ਪੱਤ ਗਵਾ ਲਈ ਹੈ ਅਤੇ ਪ੍ਰਲੋਕ ਵਿਖੇ ਭੀ ਗਵਾਉਣਗੇ। ਨਾਮ ਤੋਂ ਬਿਨਾਂ ਇਹ ਪਾਖੰਡ ਵਾਲੀ ਕੀਤੀ ਕੋਈ ਗੱਲ ਭੀ ਕਿਸੇ ਥਾਇੰ ਨਹੀਂ ਪੈਣੀ ਅਤੇ ਇਹ ਨਾਮ ਕੇਵਲ ਗੁਰੂ ਦੁਆਰਾ ਹੀ ਮਿਲਦਾ ਹੈ। ਤਾਂ ਤੇ ਗੁਰਮਤਿ ਨਾਮ ਦੀ ਦੀਖਿਆ ਲਏ ਬਿਨਾਂ ਕਿਸੇ ਦੀ ਸਦਗਤੀ ਨਹੀਂ। ਬੇਬਾਣਾਂ, ਮੜ੍ਹੀ ਮਸਾਣਾਂ ਵਿਚ ਰਹਿਣ ਵਾਲਿਆਂ ਨੂੰ ਭੀ ਡੁੱਬਣ ਵਾਲੇ ਭੇਖਧਾਰੀ ਦੱਸ ਕੇ ਹੀ ਮਹਾਰਾਜ ਨੇ ਦੱਸਿਆ ਹੈ ਕਿ ਅਜਿਹੇ ਅੰਨ੍ਹੇ ਲੋਕਾਂ ਨੂੰ ਫੇਰ ਪਛਤਾਉਣਾ ਹੀ ਪਵੇਗਾ।

ਸੱਚੇ ਸਤਿਗੁਰੂ ਭੇਟਿਆਂ ਹੀ ਸੱਚੇ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚੇ ਸਤਿਗੁਰੂ ਦੁਆਰਿਓਂ ਹੀ, ਸੱਚੀ ਦੀਖਿਆ ਲੈ ਕੇ ਹੀ ਸੱਚਾ ਨਾਮ ਮਨ ਵਿਖੇ ਵਸਦਾ ਹੈ।

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਉਤੇ ਸਤਿਗੁਰ ਦੀ ਅਪਾਰ ਮੇਹਰ ਹੋਵੇ, ਉਹ ਹੀ ਇਸ ਗੁਰਦੀਖਿਆ ਦੀ ਪ੍ਰਾਪਤੀ ਕਰ ਸਕਦੇ ਹਨ। ਆਸ ਅੰਦੇਸੇ ਵਾਲੀ ਚਿੰਤਾ ਨੂੰ ਅਤੇ ਬਪੜੀ ਮਮਤਾ-ਮਈ ਹਉਮੈ ਨੂੰ ਕੇਵਲ ਗੁਰ-ਸ਼ਬਦ-ਦੀਖਿਆ ਦੁਆਰੇ ਹੀ ਜਲਾ ਸਕੀਦਾ ਹੈ। ਏਸੇ, ਕੇਵਲ ਏਸੇ ਨਿਹਕੇਵਲ ਪਦ ਪ੍ਰਾਪਤ ਹੋਣ ਪਰ ਹੀ ਗਤਿ-ਕਲਿਆਨ ਹੋ ਸਕਦੀ ਹੈ। ਗੁਰਮਤਿ ਤੋਂ ਛੁਟ ਹੋਰ ਆਨਮਤੀ ਭੇਖ-ਧਾਰੀ ਪਾਖੰਡ ਧਾਰਨ ਕੀਤਿਆਂ ਕੱਖ ਨਹੀਂ ਬਣ ਸਕਦਾ।

# ਇਤਿਹਾਸ-ਮੁਖਤਾ ਦੀ ਲੋੜ

ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ

ਸਮੁੱਚੇ ਸੰਸਾਰ ਦੇ ਇਤਿਹਾਸ ਵਿਚ ਅਜਿਹੀਆਂ ਘਟਨਾਵਾਂ ਮਿਲ ਜਾਂਦੀਆਂ ਹਨ, ਜਿਹੜੀਆਂ ਸੁਆਰਥੀ ਲੋਕਾਂ ਨੇ ਆਪਣੀਆਂ ਕੋਸ਼ਿਸ਼ਾਂ ਦੁਆਰਾ ਸ਼ਾਮਲ ਕਰਵਾਈਆਂ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਸਿੱਖ ਇਤਿਹਾਸ ਵਿਚ ਵੀ ਕਈ ਗੱਲਾਂ ਸਿਧਾਂਤਕ ਪੱਖ ਤੋਂ ਐਨ ਉਲਟ ਕਲਮ-ਬੰਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ। "ਗੁਰੂ-ਕਾਲ" ਉਹ ਸਮਾਂ ਸੀ ਜਦੋਂ ਮੁਸਲਮਾਨ ਹਾਕਮ ਸ਼੍ਰੇਣੀ ਧਾਰਮਿਕ ਕੱਟੜਤਾ ਦੀ ਨੀਤੀ ਅਧੀਨ ਗ਼ੈਰ-ਮੁਸਲਮਾਨਾਂ ਉੱਤੇ ਜ਼ੁਲਮ ਕਰਦੀ ਰਹੀ। ਮੁਸਲਮਾਨ ਇਤਿਹਾਸਕਾਰਾਂ ਨੇ ਸਿੱਖ ਗੁਰੂ ਸਾਹਿਬਾਨ ਬਾਰੇ ਲਿਖਣ ਵੱਲ ਜਾਂ ਤਾਂ ਬਹੁਤਾ ਧਿਆਨ ਹੀ ਨਾ ਦਿੱਤਾ ਤੇ ਜੇ ਦਿੱਤਾ ਵੀ ਤਾਂ ਪੱਖ-ਪਾਤ ਦੀ ਐਨਕ ਲਗਾ ਕੇ ਲਿਖਿਆ। ਗੁਰੂ ਸਾਹਿਬਾਨ ਨੇ ਜਾਤ-ਪਾਤ ਦੀ ਪ੍ਰਥਾ, ਬੁੱਤ ਪੂਜਾ ਅਤੇ ਫ਼ਜ਼ੂਲ ਰਸਮਾਂ-ਰਿਵਾਜ਼ਾਂ 'ਤੇ ਕਰੜੀ ਟੀਕਾ-ਟਿੱਪਣੀ ਕੀਤੀ। ਸਿੱਟੇ ਵਜੋਂ ਹਿੰਦੂ ਪੁਜਾਰੀ ਸ਼੍ਰੇਣੀ ਦਾ ਵੀ ਜਿੱਥੋਂ ਤੱਕ ਵੱਸ ਚੱਲਿਆ, ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਜਾਣ-ਬੁੱਝ ਕੇ ਗ਼ਲਤ ਢੰਗ ਨਾਲ ਲਿਖਿਆ ਤੇ ਲਿਖਵਾਇਆ।

ਕੌਮਾਂ ਦੇ ਇਤਿਹਾਸ ਲਿਖੇ ਜਾਂਦੇ ਹਨ ਤੇ ਉਨ੍ਹਾਂ ਵਿਚ ਰਲੇ ਵੀ ਪਾਏ ਜਾਂਦੇ ਹਨ। ਜਿਹੜੇ ਲੋਕ ਜਾਣ-ਬੁੱਝ ਕੇ ਕਿਸੇ ਕੌਮ ਦਾ ਇਤਿਹਾਸ ਵਿਗਾੜਨਾ ਚਾਹੁਣ, ਉਹ ਉਸ ਵਿਚ ਗਿਣ-ਮਿੱਥ ਕੇ ਰਲਾ ਪਾਉਂਦੇ ਹਨ। ਪਰ ਕਈ ਵਾਰੀ ਨਿਪਟ ਸ਼ਰਧਾ ਕਰਕੇ ਹੀ ਐਸੀਆਂ ਗੱਲਾਂ ਲਿਖ ਦਿੱਤੀਆਂ ਜਾਂਦੀਆਂ ਹਨ, ਜੋ ਸਿਧਾਂਤਕ ਤੌਰ 'ਤੇ ਇਤਿਹਾਸਕ ਘਟਨਾਵਾਂ ਤੇ ਵਿਅਕਤੀਆਂ ਨਾਲ ਮੇਲ ਨਹੀਂ ਖਾਂਦੀਆਂ। ਲਿਖਾਰੀ ਕੋਈ ਘਟਨਾ ਕਿਸੇ ਹੋਰ ਥਾਂ ਕਿਸੇ ਖ਼ਾਸ ਹਾਲਤ ਵਿਚ ਵਾਪਰੀ ਪੜ੍ਹ ਲੈਂਦੇ ਹਨ ਤੇ ਉਹ ਉਸ ਨੂੰ ਆਪਣੇ ਨਾਇਕ ਨਾਲ ਜੋੜਨ ਲਈ ਏਧਰੋਂ-ਉਧਰੋਂ ਕਈ ਆਂਗਲੀਆਂ-ਸਾਂਗਲੀਆਂ ਘੜ ਲੈਂਦੇ ਹਨ। ਕਈ ਵਿਅਕਤੀ ਕਿਸੇ ਮਹਾਂਪੁਰਖ਼ ਦੀ ਵੱਧ ਰਹੀ ਪ੍ਰਸਿੱਧੀ ਨੂੰ ਸਹਿਣ ਨਹੀਂ ਕਰ ਸਕਦੇ ਤੇ ਦੋਖ-ਵੱਸ, ਕਿਸੇ ਲਿਖਾਰੀ ਪਾਸੋਂ ਮਾਇਆ ਦਾ ਲਾਲਚ ਦੇ ਕੇ, ਅਜਿਹੀਆਂ ਗੱਲਾਂ ਲਿਖਵਾ ਲੈਂਦੇ ਹਨ, ਜਿਨ੍ਹਾਂ ਨਾਲ ਨਾਇਕ ਦੀ ਨਿਖੇਧੀ ਹੋ ਸਕੇ। ਸਮੁੱਚੇ ਸੰਸਾਰ ਦੇ ਇਤਿਹਾਸ ਵਿਚ ਅਜਿਹੀਆਂ ਘਟਨਾਵਾਂ ਮਿਲ ਜਾਂਦੀਆਂ ਹਨ, ਜਿਹੜੀਆਂ ਸੁਆਰਥੀ ਲੋਕਾਂ ਨੇ ਆਪਣੀਆਂ ਕੋਸ਼ਿਸ਼ਾਂ ਦੁਆਰਾ ਸ਼ਾਮਲ ਕਰਵਾਈਆਂ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਸਿੱਖ ਇਤਿਹਾਸ ਵਿਚ ਵੀ ਕਈ ਗੱਲਾਂ ਸਿਧਾਂਤਕ ਪੱਖ ਤੋਂ ਐਨ ਉਲਟ ਕਲਮ-ਬੰਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

ਪੰਜਾਬ ਦੇ ੧੪੬੯ ਤੋਂ ੧੭੦੮ ਤੱਕ ਦੇ ਇਤਿਹਾਸ ਨੂੰ "ਗੁਰੂ-ਇਤਿਹਾਸ" ਕਹਿਣਾ ਉਚਿਤ ਹੀ ਹੈ। ਇਸ ਸਮੇਂ ਵਿਚ ਗੁਰੂ ਸਾਹਿਬਾਨ ਨੇ ਸਿੱਖ ਧਰਮ ਦਾ ਵਿਕਾਸ ਕੀਤਾ ਤੇ ਉਸ ਦੀ ਨਿਵੇਕਲੀ ਰੂਪ-ਰੇਖਾ ਤਿਆਰ ਕੀਤੀ। ਪਰ "ਗੁਰੂ-ਕਾਲ" ਦੇ ਇਤਿਹਾਸ ਵਿਚ ਬਹੁਤ ਹੀ ਕਲਪਿਤ ਕਥਾਵਾਂ ਰਲੀਆਂ ਹੋਈਆਂ ਹਨ। "ਗੁਰੂ-ਕਾਲ" ਉਹ ਸਮਾਂ ਸੀ ਜਦੋਂ ਮੁਸਲਮਾਨ ਹਾਕਮ ਸ਼੍ਰੇਣੀ ਧਾਰਮਿਕ ਕੱਟੜਤਾ ਦੀ ਨੀਤੀ ਅਧੀਨ ਗ਼ੈਰ-ਮੁਸਲਮਾਨਾਂ ਉੱਤੇ ਜ਼ੁਲਮ ਕਰਦੀ ਰਹੀ। ਮੁਸਲਮਾਨ ਇਤਿਹਾਸਕਾਰਾਂ ਨੇ ਸਿੱਖ ਗੁਰੂ ਸਾਹਿਬਾਨ ਬਾਰੇ ਲਿਖਣ ਵੱਲ ਜਾਂ ਤਾਂ ਬਹੁਤਾ ਧਿਆਨ ਹੀ ਨਾ ਦਿੱਤਾ ਤੇ ਜੇ ਦਿੱਤਾ ਵੀ ਤਾਂ ਪੱਖ-ਪਾਤ ਦੀ ਐਨਕ ਲਗਾ ਕੇ ਲਿਖਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਸਿੱਖਾਂ ਵਿਚ ਰਾਜਨੀਤਕ ਚੇਤੰਨਤਾ ਪੈਦਾ ਹੋ ਗਈ ਤੇ ਸਿੱਖਾਂ ਨੇ ਜ਼ਾਬਰ ਹਾਕਮਾਂ ਦੇ ਅੱਤਿਆਚਾਰਾਂ ਵਿਰੁੱਧ ਵਿਦਰੋਹ ਕੀਤਾ। ਮੁਸਲਮਾਨ ਇਤਿਹਾਸਕਾਰਾਂ ਨੇ ਸਿੱਖਾਂ ਦੇ ਇਸ ਸੰਘਰਸ਼ ਨੂੰ ਇਸਲਾਮ ਵਿਰੁੱਧ ਸਮਝਦਿਆਂ ਹੋਇਆਂ ਨਿਰਪੱਖਤਾ ਵਾਲਾ ਪੱਲਾ ਛੱਡ ਕੇ ਪੱਖ-ਪਾਤੀ ਦ੍ਰਿਸ਼ਟੀਕੋਣ ਤੋਂ ਘਟਨਾਵਾਂ ਨੂੰ ਤਰੋੜ-ਮਰੋੜ ਕੇ ਪੇਸ਼ ਕੀਤਾ। ਮਿਸਾਲ ਦੇ ਤੌਰ 'ਤੇ ਜੇ "ਤੁਜ਼ਕਿ ਜਹਾਂਗੀਰੀ" ਵਿਚਲੀ ਗੁਆਹੀ ਮੌਜੂਦ ਨਾ ਹੋਵੇ, ਜਿਸ ਵਿਚ ਜਹਾਂਗੀਰ ਨੇ ਆਪ ਗੋਇੰਦਵਾਲ ਦੀ ਧਾਰਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਬਾਰੇ ਲਿਖਿਆ ਹੈ, ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਕੇਵਲ ਘਰੋਗੀ ਤੇ ਚੰਦੂ ਦੀ ਦੁਸ਼ਮਣੀ ਹੀ ਕਿਹਾ ਜਾਂਦਾ ਰਿਹਾ ਤੇ ਸ਼ਹੀਦੀ ਦਾ ਮੂਲ ਅਸਲੋਂ ਹੀ ਘਟਾ ਕੇ ਦਸਿਆ ਜਾਂਦਾ ਰਿਹਾ ਹੈ।

ਸਿੱਖ ਧਰਮ ਇਕ ਅਜਿਹੀ ਲਹਿਰ ਸੀ, ਜਿਸ ਦਾ ਉਦੇਸ਼ ਗ਼ਲਤ ਸਮਾਜਿਕ ਕੀਮਤਾਂ ਨੂੰ ਠੀਕ ਕਰਕੇ ਸਮਾਜ ਵਿਚ ਨਵਾਂ ਉਤਸ਼ਾਹ ਪੈਦਾ ਕਰਨਾ ਸੀ। ਇਸ ਮਨੋਰਥ ਦੀ ਪ੍ਰਾਪਤੀ ਲਈ ਸਾਰੇ ਗੁਰੂ ਸਾਹਿਬਾਨ ਨੇ ਜਾਤ-ਪਾਤ ਦੀ ਪ੍ਰਥਾ, ਬੁੱਤ ਪੂਜਾ ਅਤੇ ਫ਼ਜ਼ੂਲ ਰਸਮਾਂ-ਰਿਵਾਜ਼ਾਂ 'ਤੇ ਕਰੜੀ ਟੀਕਾ-ਟਿੱਪਣੀ ਕੀਤੀ। ਸਿੱਟੇ ਵਜੋਂ ਹਿੰਦੂ ਪੁਜਾਰੀ ਸ਼੍ਰੇਣੀ ਨੂੰ ਇਹ ਗੱਲਾਂ ਨਾ ਭਾਈਆਂ ਤੇ ਉਹ ਵੀ ਸਿੱਖ ਗੁਰੂਆਂ ਦਾ ਵਿਰੋਧ ਕਰਨ ਲੱਗੇ। ਜਿੱਥੋਂ ਤੱਕ ਉਨ੍ਹਾਂ ਦਾ ਵੱਸ ਚੱਲਿਆ, ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਜਾਣ-ਬੁੱਝ ਕੇ ਗ਼ਲਤ ਢੰਗ ਨਾਲ ਲਿਖਿਆ ਤੇ ਲਿਖਵਾਇਆ। ਸਿੱਖ ਧਰਮ ਨਾਲ ਈਰਖ਼ਾ ਰੱਖਣ ਵਾਲੇ ਲੋਕਾਂ ਨੇ ਸਿੱਖ ਗੁਰੂਆਂ ਸਬੰਧੀ ਵਡਮੁੱਲੀਆਂ ਇਤਿਹਾਸਕ ਸੱਚਾਈਆਂ ਨੂੰ ਲੁਕਾਉਣ ਦਾ ਯਤਨ ਕੀਤਾ। (History of the Punjab, Page-15)

ਕਬੀਰ-ਪੰਥੀਆਂ ਤੇ ਹੰਦਾਲੀਆਂ ਨੇ ਜਨਮ ਸਾਖ਼ੀ ਵਿਚ ਅਜਿਹੀਆਂ ਘਟਨਾਵਾਂ ਜਾਣ-ਬੁੱਝ ਕੇ ਮਿਲਾ ਦਿੱਤੀਆਂ, ਜਿਨ੍ਹਾਂ ਨਾਲ ਜਨਮ-ਸਾਖ਼ੀ ਦੀ ਇਤਿਹਾਸਕ ਮਹੱਤਤਾ ਨੂੰ ਸੱਟ ਵੱਜੀ। ਸ. ਖਜ਼ਾਨ ਸਿੰਘ ਲਿਖਦਾ ਹੈ–

"ਹੰਦਾਲੀਆਂ ਨੇ ਅਸਲੀ ਜਨਮ ਸਾਖ਼ੀ ਪਾੜ ਕੇ ਦਰਿਆ ਵਿਚ ਸੁੱਟ ਦਿੱਤੀ ਤੇ ਫ਼ੇਰ ਅਜਿਹੀ ਜਨਮ ਸਾਖ਼ੀ ਲਿਖੀ ਜਿਸ ਤੋਂ ਕੇਵਲ ਹੰਦਾਲ ਦੀ ਵਡਿਆਈ ਪ੍ਰਗਟ ਹੁੰਦੀ ਸੀ। ਸ੍ਰੀ ਗੁਰੂ ਰਾਮਦਾਸ ਜੀ ਤੋਂ ਪਿੱਛੋਂ ਸਤਿਗੁਰਾਂ

ਦੇ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਨੇ ਗੱਦੀ-ਪ੍ਰਾਪਤੀ ਲਈ ਝਗੜੇ ਖੜ੍ਹੇ ਕੀਤੇ। ਪ੍ਰਿਥੀ ਚੰਦ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਗੁਰ-ਗੱਦੀ ਖੋਹਣ ਦੇ ਕਮੀਨੇ ਯਤਨ ਕੀਤੇ। ਰਾਮਰਾਇ ਨੇ ਸ੍ਰੀ ਗੁਰੂ ਹਰਿਰਾਇ ਜੀ ਵਿਰੁੱਧ ਝਗੜਾ ਕੀਤਾ। ਧੀਰ ਮੱਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਉੱਤੇ ਸ਼ੀਂਹੇ ਮਸੰਦ ਪਾਸੋਂ ਗੋਲੀ ਵੀ ਚਲਵਾਈ। ਵਿਰੋਧੀ ਧਿਰ ਗੁਰੂ ਸਾਹਿਬਾਨ ਦੇ ਗੁਣਾਂ ਨੂੰ ਦਬਾਉਣ ਦਾ ਜਾਂ ਗ਼ਲਤ ਢੰਗ ਨਾਲ ਪੇਸ਼ ਕਰਨ ਦਾ ਯਤਨ ਕਰਦੀ ਰਹੀ। ਫ਼ਲਸਰੂਪ ਗੁਰੂ ਸਾਹਿਬਾਨ ਦੇ ਸਬੰਧ ਵਿਚ ਕਈ ਇਤਿਹਾਸਕਾਰਾਂ ਨੂੰ ਕਈ ਘਟਨਾਵਾਂ ਠੀਕ ਪ੍ਰਾਪਤ ਨਾ ਹੋ ਸਕੀਆਂ ਜਾਂ ਉਨ੍ਹਾਂ ਨੂੰ ਟਪਲਾ ਲੱਗਦਾ ਰਿਹਾ। ਔਰੰਗਜ਼ੇਬ ਨੇ ਸਰਕਾਰੀ ਤੌਰ 'ਤੇ ਇਤਿਹਾਸ ਲਿਖਣ ਦੀ ਮਨਾਹੀ ਕਰ ਰੱਖੀ ਸੀ। ਉਸ ਸਮੇਂ ਦੀਆਂ ਜੋ ਘਟਨਾਵਾਂ ਲਿਖਤੀ ਰੂਪ ਵਿਚ ਮਿਲੀਆਂ, ਉਹ ਲਿਖਾਰੀਆਂ ਨੇ ਲੁਕ-ਛਿਪ ਕੇ ਲਿਖੀਆਂ ਸਨ, ਜੋ ਔਰੰਗਜ਼ੇਬ ਦੀ ਮੌਤ ਪਿੱਛੋਂ ਪ੍ਰਗਟ ਹੋਈਆਂ। ਇਸ ਸਮੇਂ ਵਿਚ ਇਤਿਹਾਸ ਲਿਖਿਆ ਤਾਂ ਗਿਆ, ਪਰ ਉਸ ਵਿਚੋਂ ਅਸਲੀ ਤੇ ਨਕਲੀ ਘਟਨਾਵਾਂ ਨੂੰ ਨਿਖੇੜਨ ਦੀ ਲੋੜ ਹੈ।

ਸਿੱਖ ਇਤਿਹਾਸ ਦੇ ਕੁਝ ਸੋਮੇ ਹੇਠ ਲਿਖੇ ਹਨ, ਜਿਨ੍ਹਾਂ ਦੇ ਆਧਾਰ 'ਤੇ ਸਿੱਖ ਇਤਿਹਾਸ ਸਿਰਜਿਆ ਗਿਆ- ਆਦਿ ਗ੍ਰੰਥ ਤੇ ਦਸਮ ਗ੍ਰੰਥ, ਬਚਿੱਤਰ ਨਾਟਕ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਗੁਰ ਸੋਭਾ (ਸੈਨਾਪਤ), ਜਨਮ-ਸਾਖ਼ੀਆਂ, ਗਿਆਨ ਰਤਨਾਵਲੀ (ਭਾਈ ਮਨੀ ਸਿੰਘ), ਪ੍ਰਾਚੀਨ ਪੰਥ ਪ੍ਰਕਾਸ਼ (ਭਾਈ ਰਤਨ ਸਿੰਘ), ਬੰਸਾਵਲੀ ਨਾਮਾ (ਭਾਈ ਕੇਸਰ ਸਿੰਘ), ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ), ਤੁਜ਼ਕਿ-ਬਾਬਰੀ ਤੇ ਤੁਜ਼ਕਿ-ਜਹਾਂਗੀਰੀ, ਦਬਿਸਤਾਨ-ਏ-ਮਜ਼ਾਹਬ (ਮੁਹਸਨ ਫ਼ਾਨੀ), ਮੁਨਤਖ਼ਿਬ-ਉਲ-ਲਬਾਬ (ਖ਼ਾਫ਼ੀ ਖ਼ਾਂ), ਜੰਗ-ਨਾਮਾ (ਕਾਜ਼ੀ ਨੂਰ ਮੁਹੰਮਦ), ਤਵਾਰੀਖ਼ ਪੰਜਾਬ (ਬੂਟੇ ਸ਼ਾਹ), ਤਵਾਰੀਖ਼-ਏ-ਸਿੱਖਾਂ (ਖੁਸ਼ਵੰਤ ਰਾਏ)। History of the origin and Progress of the Sikhs (Major James Brown), Sketch of the Sikhs (Malcom) ਆਦਿ।

ਪਰ ਸਿੱਖ ਇਤਿਹਾਸ ਲਿਖਣ ਵਾਲਿਆਂ ਇਨ੍ਹਾਂ ਲਿਖਾਰੀਆਂ ਨੇ ਕਈ ਗੱਲਾਂ ਅਜਿਹੀਆਂ ਲਿਖ ਮਾਰੀਆਂ, ਜਿਹੜੀਆਂ ਲਾਭ ਦੀ ਥਾਂ ਉਲਟਾ ਹਾਨੀ ਪਹੁੰਚਾ ਰਹੀਆਂ ਹਨ। ਕਈ ਥਾਵਾਂ 'ਤੇ ਸਮਾਜਿਕ ਨੀਤੀਆਂ ਤੇ ਧਾਰਮਿਕ ਵਿਸ਼ਿਆਂ ਨੂੰ ਰਲ-ਗੱਡ ਕਰ ਦਿੱਤਾ ਗਿਆ ਹੈ ਤੇ ਇਸ ਤਰ੍ਹਾਂ ਨਾਲ ਉਹ ਗੁਰਮਤਿ ਨਾਲ ਮੇਲ ਨਹੀਂ ਖਾਂਦੇ।

ਇਸ ਨਾਲ ਆਮ ਪਾਠਕ ਅਜਿਹੇ ਮੌਕਿਆਂ ਤੋਂ ਗ਼ਲਤ-ਫ਼ਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ। ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਲਿਖੀਆਂ ਪੁਸਤਕਾਂ ਦੀ ਅਸਲ ਕਸਵੱਟੀ ਗੁਰਬਾਣੀ ਹੈ। ਜਿਹੜੀ ਗੱਲ ਗੁਰਬਾਣੀ ਦੇ ਆਸ਼ੇ ਅਨੁਸਾਰ ਹੈ, ਉਹ ਠੀਕ ਹੈ ਤੇ ਜੋ ਗੁਰਬਾਣੀ ਸਿਧਾਂਤ ਦੇ ਉਲਟ ਹੈ, ਉਹ ਗ਼ਲਤ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ-

"ਸਾਡੇ ਮੱਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਆਪਣੀ ਬੁੱਧੀ ਅਤੇ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ-ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ, ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਤੇ ਹਾਨੀ ਹੋ ਰਹੀ ਹੈ। ਅਰਥਾਤ, ਗੁਰਮਤਿ ਅਨੁਸਾਰ ਵਾਕ ਲਾਭ ਅਤੇ ਗੁਰਮਤਿ ਵਿਰੁੱਧ ਹਾਨੀ ਦਾ ਕਾਰਣ ਬਣ ਰਹੇ ਹਨ। ਇਨ੍ਹਾਂ ਗ੍ਰੰਥਾਂ ਦੀ ਡੂੰਘੀ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥਕਾਰਾਂ ਦੀ ਨਕਲ ਕਰਦੇ ਹੋਏ ਭਾਰੀ ਭੁਲ ਕੀਤੀ ਹੈ। ਬਿਨਾ ਛਾਣ-ਬੀਨ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤਿ ਤੋਂ ਦੂਰ ਲੈ ਜਾਣ ਵਾਲੇ ਹਨ। ...ਜਦ ਅਸੀਂ ਆਪਣੇ ਮੱਤ ਦੇ ਪੁਸਤਕਾਂ ਵਿਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੋਂਦਾ ਹੈ ਕਿ ਗੁਰਮਤ ਦਾ ਸੱਚਾ ਉਪਦੇਸ਼ਕ ਕਿਹੜਾ ਪੁਸਤਕ ਹੈ, ਪਰ ਜਦੋਂ ਅਸੀਂ... ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿਖ ਮੱਤ ਦੇ ਪੁਸਤਕਾਂ ਦੀ ਪਰੀਖਿਆ ਕਰ ਕੇ, ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ ਵਚਨਾਂ ਦਾ ਤਯਾਗ ਅਤੇ ਅਨੁਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ, ਤਾਂ ਸਾਰੀਆਂ ਕਠਿਨਾਈਆਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤ ਦਾ ਸਿੱਧਾ ਰਸਤਾ ਲਭ ਲੈਂਦੇ ਹਾਂ।" (ਗੁਰਮਤ ਮਾਰਤੰਡ, ਭੂਮਿਕਾ, ਪੰਨਾ ੳ, ਅ)

ਆਸਾ ਦੀ ਵਾਰ ਵਿਚ ਇਸਤ੍ਰੀ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ-

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥...੨॥** (ਮ.੧, ਅੰਕ : ੪੭੩)

ਭਾਈ ਗੁਰਦਾਸ ਜੀ ਨੇ ਪੰਜਵੀਂ ਵਾਰ ਵਿਚ ਲਿਖਿਆ ਹੈ-

**ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ ॥**

**ਗੁਰਮੁਖਿ ਸੁਖ ਫਲ ਨਿਹਚਉ ਨਾਰੀ ॥੧੬॥**

ਇਨ੍ਹਾਂ ਦੋਹਾਂ ਪ੍ਰਮਾਣਾਂ ਦੇ ਹੁੰਦਿਆਂ ਜੇ ਅਜਿਹੀਆਂ ਲਿਖਤਾਂ ਗੁਰੂ ਸਾਹਿਬਾਨ ਨਾਲ ਜੋੜ ਦਿੱਤੀਆਂ ਗਈਆਂ ਹਨ, ਜਿਨ੍ਹਾਂ ਵਿਚ ਇਸਤ੍ਰੀ-ਤ੍ਰਿਸਕਾਰ ਦਾ ਵਰਣਨ ਹੈ ਤਾਂ ਇਹ ਸਾਡੀ ਅਲਪਗਤਾ ਹੈ ਜਾਂ ਜਾਣ-ਬੁੱਝ ਕੇ ਕੀਤੀ ਗਈ ਸ਼ਰਾਰਤ। ਭਾਈ ਭਗਵਾਨ ਸਿੰਘ ਰਹਿਤਨਾਮੀਆ, ਰਚਿਤ ਪੁਸਤਕ 'ਵਿਮਲ ਬਿਬੇਕ ਵਾਰਿਧਿ' ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਨੂੰ ਕਿਹਾ-

**"ਭਾਈ ! ਇਸਤ੍ਰੀ ਜਾਮੇ ਕਾ ਵਿਸ਼ਵਾਸ ਨਹੀਂ ਕਰਨਾ, ਅੰਦਰ ਕਾ ਹਾਲ ਇਸਤ੍ਰੀ ਨੂੰ ਨਹੀਂ ਦੇਣਾ।" (ਗੁਰਮਤ ਮਾਰਤੰਡ, ਭੂਮਿਕਾ, ਪੰਨਾ ਹ)**

ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਈਂ 'ਸੀਤਲਾ' ਦੇ ਸਬੰਧ ਵਿਚ ਸ਼ਬਦ ਉਚਾਰੇ ਮਿਲਦੇ ਹਨ, ਜਿਵੇਂ ਕਿ-

(੧) **ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥**

**ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥**

( ॥੨॥੧੦੩॥੧੭੨॥)

**(ਗਉੜੀ ਮਹਲਾ ੫, ਅੰਕ: ੨੦੦)**

(੨) **ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥**

**ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥** ( ॥੨॥੧੧॥੭੫॥)

**(ਸੋਰਠਿ ਮ. ੫, ਅੰਕ : ੬੨੭)**

ਸਾਫ਼ ਹੈ ਕਿ ਸ੍ਰੀ ਗੁਰੂ ਅਰਜਨ ਸਾਹਿਬ ਸੀਤਲਾ ਪੂਜਣ ਵਿਚ ਬਿਲਕੁਲ ਵਿਸ਼ਵਾਸ ਨਹੀਂ ਸਨ ਰੱਖਦੇ, ਸਗੋਂ ਉਹ ਤਾਂ ਗੁਰੂ ਨਾਨਕ ਸਾਹਿਬ ਦੇ ਬਚਨਾਂ ਦੇ ਨਾਲ ਸਹਿਮਤ ਸਨ ਕਿ -

**ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ, ਮੜੈ ਮਸਾਣਿ ਨ ਜਾਈ...॥੧॥** ( ॥੮॥੧॥)

**(ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ, ਅੰਕ: ੬੩੪)**

ਪਰ ਛੇਵੀਂ ਪਾਤਿਸ਼ਾਹੀ ਦੇ ਗੁਰ-ਬਿਲਾਸ ਦੇ ਦੂਸਰੇ ਅਧਿਆਇ ਵਿਚ ਲਿਖਿਆ ਹੋਇਆ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਜਦੋਂ ਚੇਚਕ ਨਿਕਲੀ ਤਾਂ 'ਦੁਰਗਾ ਪੂਜਨ' ਕੀਤਾ ਗਿਆ।

ਭਾਈ ਸੰਤੋਖ ਸਿੰਘ ਜੀ ਨੇ ਵੀ ਇਸੇ ਗੱਲ ਦੀ ਪੁਸ਼ਟੀ 'ਗੁਰ ਪ੍ਰਤਾਪ ਸੂਰਜ' ਵਿਚ ਕਈ ਥਾਈਂ ਕੀਤੀ ਹੈ।

ਇਸੇ ਤਰ੍ਹਾਂ 'ਨਾਨਕ ਪ੍ਰਕਾਸ਼' ਵਿਚ ਦਰਜ

ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਰੇ ਹੋਏ ਪਿਤਰਾਂ ਦਾ ਸਰਾਧ ਕੀਤਾ। ਪਰ ਗੁਰੂ ਨਾਨਕ ਸਾਹਿਬ ਨੇ ਆਪਣੀ ਉਚਾਰੀ ਬਾਣੀ ਵਿਚ ਸਰਾਧ ਕਰਨ ਦਾ ਖੰਡਨ ਕੀਤਾ ਹੈ-

**ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥**

**ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥**

**(ਵਾਰ ਮਾਝ, ਮ.੧, ਅੰਕ: ੧੩੮)**

**ਇਕ ਲੋਕੀ ਹੋਰੁ ਛਮਿਛਰੀ, ਬ੍ਰਾਹਮਣੁ ਵਟਿ ਪਿੰਡੁ ਖਾਇ ॥**

**ਨਾਨਕ ਪਿੰਡੁ ਬਖਸੀਸ ਕਾ, ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥**

**(ਆਸਾ ਮਹਲਾ ੧, ਅੰਕ : ੩੫੮)**

ਖ਼ਾਲਸਾ ਪੰਥ ਸਾਜਣ ਦਾ ਮਨੋਰਥ ਗੁਰੂ ਕਲਗ਼ੀਧਰ (ਪਾਤਸ਼ਾਹ) ਨੇ ਆਪ 'ਬਚਿਤ੍ਰ ਨਾਟਕ' ਵਿਚ 'ਅਕਾਲ ਪੁਰਖ ਬਾਚ' ਵਿਚ ਲਿਖਿਆ ਹੈ-

**ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥**

**ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥**

**(ਅਧਿਆਇ ੬)**

ਪਰ ਅਫ਼ਸੋਸ ਦੀ ਗੱਲ ਹੈ ਕਿ ਪੰਡਿਤ ਤਾਰਾ ਸਿੰਘ ਜੀ ਨੇ 'ਗੁਰਮਤ ਨਿਰਣਯ ਸਾਗਰ' ਵਿਚ ਖ਼ਾਲਸਾ ਸਾਜਣ ਦਾ ਮਨੋਰਥ ਗਊ ਬ੍ਰਾਹਮਣ ਦੀ ਰਛਿਆ ਤੇ ਮਲੇਛਾਂ (ਮੁਸਲਮਾਨਾਂ) ਦਾ ਨਾਸ ਕਰਨਾ ਦੱਸਿਆ ਹੈ ਤੇ ਸਿੰਘਾਂ ਨੂੰ ਦੁਰਗਾ ਦੀ ਪੂਜਾ ਕਰਨ ਦਾ ਮਸ਼ਵਰਾ ਦਿੱਤਾ ਹੈ-

**ਗੋ ਬ੍ਰਾਹਮਣ ਹਿਤ ਰਛਿਆ, ਨਾਸ ਮਲੇਛਨ ਹੇਤ ॥**

**ਸਿੰਘ ਵੇਸ ਪਰਿਵਿਰਤਿਓ ਪੂਜ ਦੁਰਗ ਅਸਕੇਤੁ ॥**

ਜਾਤ-ਪਾਤ ਦੇ ਪੱਖੀਆਂ ਨੇ ਸਿੱਖੀ ਦੇ ਬੁਨਿਆਦੀ ਅਸੂਲਾਂ ਉੱਤੇ ਵੀ ਕਰੜੀ ਸੱਟ ਮਾਰੀ ਹੈ। ਪੰਡਿਤ ਤਾਰਾ ਸਿੰਘ ਨੇ ਹੀ 'ਗੁਰਮਤ ਨਿਰਣਯ ਸਾਗਰ' ਵਿਚ ਲਿਖਿਆ ਹੈ-"ਦੀਖਯਾ ਕਾਲ ਮੇਂ ਏਕ ਜਗ੍ਹਾ ਭੋਜਨ ਕਰਨੇ ਸੇ ਜਾਤਿ ਨਾਸ ਨਹੀਂ ਹੋਤੀ, ਬ੍ਰਾਹਮਣ, ਖੱਤ੍ਰੀ, ਬੈਸਯ ਸਿੱਖਨ ਕੀ ਜਾਤੀ ਵੋਹੀ ਰਹੇ ਹੈ, ਔਰ ਪੁਤ੍ਰ ਪੁੱਤ੍ਰੀ ਵਿਵਾਹਨਾ ਜਾਤਿ ਮੇਂ ਰਹੇ ਹੈਂ, ਤੈਸੇ ਜਨੇਊ ਆਦਿਕ ਚਿੰਨ੍ਹ ਭੀ ਰਹੇਂ, ਸਿੱਖੀ ਮੇਂ ਜੈਸੇ ਜਾਤਿ ਨਹੀਂ ਰੋਕੀ, ਤੈਸੇ ਜਨੇਊ, ਤਿਲਕ, ਮਾਲਾ ਭੀ ਨਹੀਂ ਰੋਕੇ, ਯਾ ਤੇ ਰੱਖਨੇ ਯੋਗਯ ਹੈ।" (ਉਰਮੀ ੨੮)

> ਸਿੱਖ ਇਤਿਹਾਸ ਲਿਖਣ ਵਾਲੇ ਬਹੁਤੇ ਲਿਖਾਰੀਆਂ ਨੇ ਕਈ ਗੱਲਾਂ ਅਜਿਹੀਆਂ ਲਿਖ ਮਾਰੀਆਂ, ਜਿਹੜੀਆਂ ਲਾਭ ਦੀ ਥਾਂ ਉਲਟਾ ਹਾਨੀ ਪਹੁੰਚਾ ਰਹੀਆਂ ਹਨ। ਇਤਿਹਾਸ ਵਿਚ ਲਿਖੀਆਂ ਹੋਈਆਂ ਬਹੁਤ ਸਾਰੀਆਂ ਸਾਖ਼ੀਆਂ ਅਤੇ ਘਟਨਾਵਾਂ ਗੁਰਮਤਿ ਸਿਧਾਂਤ ਦੀ ਕਸਵੱਟੀ 'ਤੇ ਪੂਰੀਆਂ ਨਹੀਂ ਉਤਰਦੀਆਂ। ਕਈ ਥਾਵਾਂ 'ਤੇ ਸਮਾਜਿਕ ਨੀਤੀਆਂ ਤੇ ਧਾਰਮਿਕ ਵਿਸ਼ਿਆਂ ਨੂੰ ਰਲ-ਗੱਡ ਕਰ ਦਿੱਤਾ ਗਿਆ ਹੈ ਤੇ ਇਸ ਤਰ੍ਹਾਂ ਨਾਲ ਉਹ ਗੁਰਮਤਿ ਨਾਲ ਮੇਲ ਨਹੀਂ ਖਾਂਦੇ। ਇਸ ਨਾਲ ਆਮ ਪਾਠਕ ਅਜਿਹੇ ਮੌਕਿਆਂ ਤੋਂ ਗ਼ਲਤ-ਫ਼ਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ। ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਲਿਖੀਆਂ ਪੁਸਤਕਾਂ ਦੀ ਅਸਲ ਕਸਵੱਟੀ ਗੁਰਬਾਣੀ ਹੈ।

ਭਾਈ ਸੁੱਖਾ ਸਿੰਘ ਦੇ ਗੁਰ-ਬਿਲਾਸ ਵਿਚ ਅਤੇ ਭਾਈ ਸੰਤੋਖ ਸਿੰਘ ਦੇ 'ਗੁਰ ਪ੍ਰਤਾਪ ਸੂਰਜ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਦਾ ਪੁਜਾਰੀ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ।

ਪਰ ਇਨ੍ਹਾਂ ਦੀਆਂ ਲਿਖਤਾਂ ਦਾ ਪੋਲ ਉਸ ਵੇਲੇ ਖੁੱਲ੍ਹ ਜਾਂਦਾ ਹੈ ਜਦੋਂ ਅਸੀਂ ਸ੍ਰੀ ਕਲਗ਼ੀਧਰ (ਪਾਤਸ਼ਾਹ ਜੀ) ਦੀ ਆਪਣੀ ਉਚਾਰਨ ਕੀਤੀ ਬਾਣੀ ਵਿਚੋਂ ਪੰਡਤ ਨੂੰ ਦਿੱਤਾ ਉੱਤਰ ਪੜ੍ਹਦੇ ਹਾਂ -

ਜੋ ਕਛੁ ਲੇਖ ਲਿਖਿਓ ਬਿਧਨਾ, ਸੋਈ ਪਾਈਯਤ ਮਿਸਰ ਜੂ ਸ਼ੋਕ ਨਿਵਾਰੋ ॥੧॥ (ਗਿਆਨ ਪ੍ਰਬੋਧ ਅੰਤ)

ਸਾਡੇ ਇਤਿਹਾਸਕਾਰਾਂ ਨੇ ਥਾਂ-ਪਰ-ਥਾਂ ਇਤਿਹਾਸ ਦੇ ਪੰਨਿਆਂ ਵਿਚ ਗੁਰੂ ਸਾਹਿਬਾਨ ਨੂੰ ਨਸ਼ਿਆਂ ਦਾ ਸੇਵਨ ਕਰਨ ਵਾਲੇ ਲਿਖਿਆ ਹੈ, ਜਿਵੇਂ ਕਿ - "ਗੁਰ-ਬਿਲਾਸ ਪਾਤਸ਼ਾਹੀ ਛੇਵੀਂ" ਵਿਚ ਲਿਖਿਆ ਹੈ ਕਿ 'ਤਿਮਰ' ਗਡਰੀਏ ਨੂੰ ਗੁਰੂ ਸਾਹਿਬ ਨੇ ਭੰਗ ਲਿਆਉਣ ਲਈ ਕਿਹਾ ਤੇ ਉਸ ਕੋਲੋਂ ਸੱਤ ਮੁੱਠਾਂ ਭੰਗ ਦੀਆਂ ਲੈ ਕੇ, ਉਸ ਦੇ ਬਦਲੇ ਉਸ ਨੂੰ ਸੱਤ ਪੁਸ਼ਤਾਂ ਦੀ ਬਾਦਸ਼ਾਹੀ ਬਖ਼ਸ਼ ਦਿੱਤੀ। ਜਨਮ ਸਾਖ਼ੀ ਵਿਚ ਇਸ ਕਥਾ ਦਾ ਸਬੰਧ ਬਾਬਰ ਨਾਲ ਜੋੜਿਆ ਗਿਆ ਹੈ। ਕਿੰਨਾ ਮਖ਼ੌਲ ਹੈ ਸਿੱਖ ਇਤਿਹਾਸ ਨਾਲ।

"ਨਾਮ-ਖੁਮਾਰੀ" ਨਾਲ ਮਸਤ ਰਹਿਣ ਵਾਲੇ ਬਾਬੇ ਨਾਨਕ ਜੀ ਨੂੰ ਭੰਗ ਪਿਆ ਕੇ ਮਸਤ ਕਰਨਾ "ਗੁਰ-ਬਿਲਾਸ" ਦੇ ਅਖੌਤੀ ਖੋਜੀ ਲਿਖਾਰੀ ਦਾ ਅਨੂਠਾ ਕਾਰਨਾਮਾ ਹੈ। ਇਸੇ ਪੁਸਤਕ ਦੇ ਅਠ੍ਹਾਰਵੇਂ ਅਧਿਆਇ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਭੰਗ ਪੀਂਦੇ ਵਿਖਾਇਆ ਹੈ-

**ਜਬੈ ਜਾਮ ਦਿਨ ਆਨਿ ਰਹਾਯੋ। ਸ੍ਰੀ ਗੁਰੁ ਬਿਜੀਆ ਪਾਨ ਕਰਾਯੋ। (੨੧੯)**

ਭਾਈ ਸੁੱਖਾ ਸਿੰਘ ਦਸਵੇਂ ਪਾਤਿਸ਼ਾਹ ਦੇ ਗੁਰ-ਬਿਲਾਸ ਵਿਚ ਇਕ ਕਦਮ ਹੋਰ ਅੱਗੇ ਵਧਿਆ ਤੇ ਉਸ ਨੇ ਕਲਗ਼ੀਧਰ ਪਾਤਸ਼ਾਹ ਨੂੰ ਭੰਗ ਤੇ ਅਫ਼ੀਮ ਆਪ ਖਾਣ ਵਾਲੇ ਤੇ ਦੂਸਰਿਆਂ ਨੂੰ ਖੁਆਉਣ ਵਾਲੇ ਲਿਖ ਮਾਰਿਆ - ਜਿਵੇਂ -

**ਬਿਜਿਆ ਧਰਛਤ ਅਮਲ ਮੰਗਾਵੈ ॥ ਆਪ ਛਕੈ ਪੁਨਿ ਅਪਰ ਦਿਆਵੈ ॥ (੧੩੬)**

**(ਬਿਜਿਆ- ਭੰਗ। ਧਰਛਤ- ਅਫ਼ੀਮ।)**

ਭਾਈ ਸਾਹਿਬ ਦੀ ਤਸੱਲੀ ਅਜੇ ਵੀ ਨਹੀਂ ਹੋਈ ਤੇ ਉਨ੍ਹਾਂ ਨੇ ਸ਼ਰਾਬ ਤੇ ਭੰਗ ਦਾ ਚਰਨਾਮ੍ਰਿਤ ਦੇਣਾ ਵੀ ਲਿਖ ਮਾਰਿਆ ਤੇ ਨਾਲ ਹੀ ਗੁਰੂ ਸਾਹਿਬ ਨੂੰ ਦੇਵੀ ਦਾ ਪੁਜਾਰੀ ਵੀ ਸਿੱਧ ਕਰ ਦਿੱਤਾ -

**ਮਦਿਰਾ ਬਿਜਿਆ ਖਾਂਡ ਮਿਲਾਈ ॥ ਚਰਨਾਮ੍ਰਿਤ ਮਿਲ ਗਾਗਰ ਪਾਈ ॥**

**ਲੈ ਨਿਜ ਭੇਟ ਕਾਲਿਕਾ ਦੀਨੇ ॥ ਜੈ ਭਵਾਨੀ ਕੀ ਉਚਰ ਪ੍ਰਬੀਨੇ ॥ (੧੩੭)**

ਭਾਈ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਯ' ਵਿਚ ਵੀ ਅਜਿਹੀਆਂ ਗੱਲਾਂ ਲਿਖੀਆਂ ਹਨ-

**ਯਾ ਤੇ ਸ੍ਰੀ ਮੁਖ ਬਾਕ ਉਚਾਰਾ ॥ ਹੁਇ ਸੁੱਖੇ ਕੀ ਦੇਗ ਉਦਾਰਾ ॥**

**ਸਿੰਘ ਹੋਇ ਜਬ ਆਯੁਧ ਧਾਰੀ ॥ ਮਾਦਕ ਚਹੀਏ ਅਨੰਦ ਮਝਾਰੀ ॥ (੩੯)**

ਹੁਣ ਗੁਰਬਾਣੀ ਵਿਚੋਂ ਨਸ਼ਿਆਂ ਦੇ ਸੇਵਨ ਦੇ ਵਿਰੁੱਧ ਵਾਕ ਪੜ੍ਹ ਕੇ ਫ਼ੈਸਲਾ ਕਰੀਏ ਕਿ ਕਿਹੜੀ ਗੱਲ ਠੀਕ ਹੈ ਤੇ ਕਿਹੜੀ ਗ਼ਲਤ-

**੧. ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥ (੪॥੪॥੩੮॥)**

**(ਆਸਾ ਮਹਲਾ ੧, ਅੰਕ: ੩੬੦)**

**੨. ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥...੨॥ ( ॥੩॥)**
**(ਮਰਦਾਨਾ ੧, ਅੰਕ : ੫੫੩)**

**੩. ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ...॥੧॥ ( ॥੩॥੧॥੨॥)**
**(ਤਿਲੰਗ ਮਹਲਾ ੧ ਘਰੁ ੨, ਅੰਕ: ੭੨੧)**

ਗੁਰਮਤਿ ਅਨੁਸਾਰ ਸ਼ਗਨ, ਸਾਹਾ ਸੋਧਣਾ, ਮਹੂਰਤ ਕਢਾਉਣਾ ਤੇ ਗ੍ਰਹਿ-ਪੂਜਾ ਆਦਿਕ ਸਾਰੇ ਕਰਮ ਫ਼ਜ਼ੂਲ ਹਨ, ਪਰ ਬਲਿਹਾਰੇ ਜਾਈਏ ਉਨ੍ਹਾਂ ਧਾਰਮਿਕ ਪੁਸਤਕਾਂ ਲਿਖਣ ਵਾਲਿਆਂ ਦੇ, ਜਿਨ੍ਹਾਂ ਨੇ ਆਪਣਾ ਮਤ ਸਿੱਧ ਕਰਨ ਲਈ ਇਹ ਸਭ ਕੁਝ ਗੁਰੂ ਸਾਹਿਬਾਨ ਨਾਲ ਜੋੜ ਕੇ ਗੁਰਸਿੱਖਾਂ ਨੂੰ ਮਨਮਤਿ ਵੱਲ ਧੱਕਿਆ ਹੈ।

ਮ੍ਰਿਤਕ ਪ੍ਰਾਣੀ ਪਿੱਛੇ ਰੋਣਾ-ਪਿੱਟਣਾ ਗੁਰਮਤਿ ਅਨੁਸਾਰ ਵਿਵਰਜ਼ਿਤ ਹੈ, ਪਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਚਲਾਣੇ 'ਤੇ ਮਾਤਾ ਗੰਗਾ ਜੀ ਨੂੰ ਗੁਰ-ਬਿਲਾਸ ਪਾ. ੬ ਵਿਚ ਰੋਂਦਾ ਤੇ ਵਿਰਲਾਪ ਕਰਦਾ ਵਿਖਾਇਆ ਗਿਆ ਹੈ। ਇਸੇ ਤਰ੍ਹਾਂ ਦੀਆਂ ਹੋਰ ਅਨੇਕਾਂ ਗ਼ਲਤ-ਬਿਆਨੀਆਂ ਸਾਡੇ ਇਨ੍ਹਾਂ ਇਤਿਹਾਸਾਂ ਵਿਚ ਵੇਖੀਆਂ ਜਾਂਦੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਨੇ ਪੈਦਲ-ਯਾਤਰਾ ਰਾਹੀਂ ਉਦਾਸੀਆਂ ਕੀਤੀਆਂ, ਪਰ ਸਮੁੰਦਰ ਦਾ ਸਫ਼ਰ ਉਨ੍ਹਾਂ ਨੇ ਮਛੂਏ ਭਾਵ ਬੇੜੀ ਰਾਹੀਂ ਕੀਤਾ ਹੋਵੇਗਾ। ਪਰ ਸਾਡੇ ਜਨਮ-ਸਾਖ਼ੀਆਂ ਲਿਖਣ ਵਾਲੇ ਵਿਦਵਾਨਾਂ ਨੇ 'ਮਛੂਏ' ਨੂੰ ਮੱਛੀ ਬਣਾ ਕੇ ਸਮੁੰਦਰ ਵਿਚ ਗੁਰੂ ਸਾਹਿਬ, ਭਾਈ ਬਾਲਾ ਤੇ ਮਰਦਾਨਾ ਉਸ ਦੀ ਪਿੱਠ ਉੱਤੇ ਤਰਦੇ ਵਿਖਾਏ ਹਨ। ਜਦੋਂਕਿ ਇਹ ਵੀ ਸਿੱਧ ਹੋ ਚੁੱਕਾ ਹੈ ਕਿ ਭਾਈ ਬਾਲਾ ਨਾਂ ਦਾ ਕੋਈ ਵਿਅਕਤੀ ਉਦਾਸੀਆਂ ਸਮੇਂ ਗੁਰੂ ਸਾਹਿਬ ਦੇ ਨਾਲ ਨਹੀਂ ਗਿਆ।

ਗੁਰਬਾਣੀ ਵਿਚ ਆਏ ਕਈ ਸ਼ਬਦਾਂ ਦੇ ਸਥਾਨਕ ਅਰਥ ਕਰਕੇ ਕਥਾਵਾਚਕਾਂ, ਟੀਕਾਕਾਰਾਂ ਤੇ ਜਨਮ-ਸਾਖ਼ੀਆਂ ਦੇ ਕਰਤਾ ਨੇ ਅਜੀਬ ਗੱਲਾਂ ਲਿਖੀਆਂ ਹਨ। ਜਿਵੇਂ-

**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥੧॥ ( ॥੧੪॥)**
**(ਸਲੋਕ ਮਹਲਾ ੧, ਅੰਕ: ੧੪੪)**

ਵਾਲੀ ਤੁਕ ਬਾਰੇ ਲਿਖਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ 'ਕੀੜ ਨਗਰ' ਵਿਚ ਗਏ, ਉਥੇ ਕੀੜੀਆਂ ਦਾ ਹੀ ਰਾਜ ਸੀ, ਉਨ੍ਹਾਂ ਬਾਰੇ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਨ ਕੀਤਾ।

ਇਸੇ ਤਰ੍ਹਾਂ ਜ਼ਿਕਰ ਆਉਂਦਾ ਹੈ ਕਿ ਗੁਰੂ ਜੀ ਤੋਂ ਸਿੱਖਾਂ ਨੇ ਕੁੰਭ ਦੇ ਮੇਲੇ ਦਾ ਮਹਾਤਮ ਪੁੱਛਿਆ ਤਾਂ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ :-

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥੫॥ ( ॥੧੨॥)**
**(ਆਸਾ ਦੀ ਵਾਰ, ਅੰਕ: ੪੬੯)**

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਜੀਵਨ-ਕਾਲ ਦੇ ਅੰਤਲੇ ਦਿਨਾਂ ਵਿਚ ਨਾਂਦੇੜ ਚਲੇ ਗਏ ਸਨ। ਉਥੇ ਹੀ ਉਹ ਜੋਤੀ-ਜੋਤਿ ਸਮਾ ਗਏ। ਅਕਾਲ ਚਲਾਣੇ ਦਾ ਜ਼ਿਕਰ ਕਰਦਿਆਂ ਇਤਿਹਾਸਕਾਰਾਂ ਨੇ ਲਿਖਿਆ ਕਿ ਗੁਰੂ ਸਾਹਿਬ ਨੇ ਪੈਂਦੇ ਖ਼ਾਨ ਦੇ ਪੋਤਰੇ ਤੇ ਸੈਦੇ ਖ਼ਾਨ ਪਠਾਣ ਦੇ ਪੁੱਤਰ ਗੁਲ ਖ਼ਾਨ ਨੂੰ ਆਪ ਪ੍ਰੇਰ ਕੇ ਆਪਣੇ ਉੱਤੇ ਖੰਜ਼ਰ ਦਾ ਵਾਰ ਕਰਵਾਇਆ ਤਾਂ ਕਿ ਸਰੀਰ ਤਿਆਗ ਸਕਣ। 'ਗੁਰ-ਬਿਲਾਸ ਪਾਤਸ਼ਾਹੀ ੧੦ਵੀਂ' ਦਾ ਕਰਤਾ ਭਾਈ ਸੁੱਖਾ ਸਿੰਘ ਤੇ 'ਗੁਰ ਪ੍ਰਤਾਪ ਸੂਰਜ' ਦੇ ਕਰਤਾ ਭਾਈ ਸੰਤੋਖ ਸਿੰਘ ਅਨੁਸਾਰ ਤਾਂ ਗੁਰੂ ਸਾਹਿਬ ਆਪ ਖ਼ੁਦਕੁਸ਼ੀ ਕਰਨੀ ਚਾਹੁੰਦੇ ਸਨ। ਮਾਤਾ, ਪਿਤਾ, ਚਾਰੇ ਸਾਹਿਬਜ਼ਾਦੇ ਤੇ ਜਾਨ ਨਾਲੋਂ ਪਿਆਰੇ ਸਿੰਘ ਕੁਰਬਾਨ ਕਰਵਾ ਕੇ ਵੀ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਕਲਗ਼ੀਧਰ ਪਾਤਿਸ਼ਾਹ ਨੂੰ ਢਹਿੰਦੀ ਕਲਾ ਵਿਚ ਜਾ ਕੇ ਆਤਮ-ਘਾਤ ਕਰਨ ਤੱਕ ਜਾਣ ਵਾਲਾ ਦਰਸਾਉਣਾ ਸਿੱਖ ਇਤਿਹਾਸ ਨਾਲ ਸਰਾਸਰ ਬੇ-ਇਨਸਾਫ਼ੀ ਹੈ। ਉਪਰ ਲਿਖੀਆਂ 'ਸਿੱਖ ਇਤਿਹਾਸ' ਵਿਚੋਂ ਕੁਝ ਉਦਾਹਰਣਾਂ ਸਿੱਧ ਕਰਦੀਆਂ ਹਨ ਕਿ ਸਾਡੇ ਇਤਿਹਾਸ ਵਿਚ ਬੜੀਆਂ ਤਰੁੱਟੀਆਂ ਹਨ ਅਤੇ ਇਸ ਵਿਚ ਸੁਧਾਰ ਦੀ ਲੋੜ ਹੈ। ਜੇ ਇਸ ਪਾਸੇ ਉਚੇਚਾ ਤੇ ਜਲਦੀ ਧਿਆਨ ਨਾ ਦਿੱਤਾ ਗਿਆ ਤਾਂ ਅਨਮਤੀਏ ਇਸ ਦਾ ਲਾਭ ਉਠਾ ਕੇ ਗੁਰਮਤਿ ਦੇ ਸਿਧਾਂਤਾਂ ਉੱਤੇ ਹੋਰ ਸੱਟ ਮਾਰ ਸਕਦੇ ਹਨ, ਸਿੱਖ ਵਿਰੋਧੀ ਤਾਕਤਾਂ ਅੱਗੇ ਹੀ ਕਈ ਗਲਤ ਗੱਲਾਂ ਲਿਖ-ਲਿਖ ਕੇ ਸਿੱਖਾਂ ਦੇ ਹਿਰਦਿਆਂ ਨੂੰ ਜ਼ਖ਼ਮੀ ਕਰ ਰਹੀਆਂ ਹਨ ਅਤੇ ਸਿੱਖ ਇਤਿਹਾਸ ਦਾ ਘਾਣ ਕਰ ਰਹੀਆਂ ਹਨ।

# ਭਾਈ ਭਗੀਰਥ- ਪਹਿਲਾ ਪਿਆ ਪ੍ਰਭਾਵ

**ਪ੍ਰਿੰਸੀਪਲ ਸਤਿਬੀਰ ਸਿੰਘ**

ਸੁਲਤਾਨਪੁਰ ਤੋਂ ਮਲਸੀਹਾਂ ੧੮ ਕੁ ਮੀਲ ਦੀ ਵਾਟ 'ਤੇ ਹੈ। ਉਸ ਪਿੰਡ ਇਕ ਸਮੇਂ ਗੁਰੂ ਨਾਨਕ ਜੀ ਆ ਉਤਰੇ। ਉਥੋਂ ਦੇ ਚੌਧਰੀ ਭਗੀਰਥ ਨੇ ਬੜੀ ਟਹਿਲ ਕੀਤੀ। ਰਾਤ ਨੂੰ ਬਾਬਾ ਉਸੇ ਨਗਰੀ ਰਹਿਆ।

ਭਗੀਰਥ ਵੀ ਸੇਵਾ ਹਿਤ ਉਥੇ ਹੀ ਜਿਥੇ ਬਾਬਾ ਟਿਕੇ ਸਨ, ਸੌਂ ਗਿਆ। ਜਾਂ ਪਿਛਲ ਰਾਤ ਬਾਬਾ ਉੱਠਿਆ ਤਾਂ ਭਗੀਰਥ ਕੀ ਦੇਖੇ ਕਿ ਇਕ ਔਰਤ ਝਾੜੂ ਪਈ ਦੇਵੇ। ਭਗੀਰਥ ਪੁੱਛਿਆ ਕਿ ਤੂੰ ਕੌਣ ਹੈਂ ਤਾਂ ਉਸ ਕਿਹਾ:

ਭਗੀਰਥਾ, ਤੂੰ ਪਛਾਣਦਾ ਨਹੀਂ, ਮੈਂ ਹੀ 'ਕਾਲੀ' ਹਾਂ। ਸੇਵਾ ਕਰਦੀ ਹਾਂ ਤਾਂ ਮੇਰੇ ਵਿਚ ਇਹ ਸ਼ਕਤੀ ਹੁੰਦੀ ਹੈ।

ਭਗੀਰਥ ਜਾਣ ਗਿਆ ਕਿ :

ਸੇਵਾ ਹੀ ਸ਼ਕਤੀ ਦਾ ਮੂਲ ਹੈ। ਭਲੇ ਪੁਰਸ਼ਾਂ ਦਾ ਸੰਗ ਹੀ ਅਸਲੀ ਦੀਦਾਰ ਹੈ। ਸੰਗਤ ਕਰ ਵਾਹਿਗੁਰੂ ਦੇ ਗੁਣ ਗਾਣੇ ਹੀ ਸਹੀ ਰਾਹ ਹੈ।

ਰਜ਼ਾ ਵਿਚ ਟਿਕਣਾ ਹੀ, 'ਘਰ' ਪੁੱਜਣਾ ਹੈ।

ਹੁਣ ਜਿਵੇਂ ਗੁਰੂ ਨਾਨਕ ਜੀ ਕਹਿੰਦੇ, ਉਵੇਂ ਭਗੀਰਥ ਜੀ ਕਰਦੇ। ਉਹ ਰੋਜ਼ ਸੁਲਤਾਨਪੁਰ ਆਉਂਦੇ, ਸੁਬਹ ਗੁਰੂ ਨਾਨਕ ਜੀ ਨਾਲ ਹੀ ਇਸ਼ਨਾਨ ਕਰਨ ਜਾਂਦੇ, ਸੰਗਤ ਕਰਦੇ। ਕਿਸੇ ਲੋੜਵੰਦ ਦੀ ਲੋੜ, ਆਪਣੀ ਲੋੜ ਜਾਣ ਪੂਰੀ ਕਰਦੇ:

**ਰਹਿਤ ਭਇਓ, ਦਰਸ਼ਨ ਨਿਤ ਕਰਹੀ।**
**ਚਰਨ ਪਖਾਰ, ਹਰਖ ਉਰ ਧਰਹੀ।**
**ਜਿਉਂ ਕਰਨਾਨਿਧ, ਦੇਹਿ ਰਜਾਇ।**
**ਤੈਸੇ ਕਰੇ, ਸਦਾ ਮਨ ਭਾਇ।**

ਜੀਵਨ ਐਸਾ ਪਲਟਿਆ ਕਿ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਜੋ ਕਦੇ ਕਾਲੀ ਦਾ ਭਗਤ ਸੀ, ਹੁਣ ਸਿਵਾਇ ਵਾਹਿਗੁਰੂ ਦੇ ਗੁਣ ਗਾਉਣ ਤੋਂ, ਮਲਸੀਹਾਂ ਦੇ ਰਹਿਣ ਵਾਲਾ ਭਗੀਰਥ ਕੋਈ ਹੋਰ ਕਰਮ-ਪੂਜਾ-ਪਾਠ ਨਹੀਂ ਕਰਦਾ:

'ਮੈਲਸੀਹਾਂ ਵਿਚ ਆਖੀਐ,
ਭਗੀਰਥ ਕਾਲੀ, ਗੁਨ ਗਾਵੈ।੧੪।੧੧।

ਭਾਈ ਭਗੀਰਥ ਜੀ ਦਾ ਹੀ ਬਨਾਵਟ ਰਹਿਤ ਜੀਵਨ ਦੇਖ ਲਾਹੌਰ ਦੇ ਭਾਈ ਮਨਸੁੱਖ ਸਿੱਖ ਬਣੇ ਤੇ ਫਿਰ ਪਹਿਲੇ ਪ੍ਰਚਾਰਕ, ਜਿਨ੍ਹਾਂ ਲੰਕਾ ਵਿਚ ਜਾ ਸਿੱਖੀ ਫੈਲਾਈ।

# ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਵਾਤਾਵਰਨ ਸੰਭਾਲ ਸਬੰਧੀ ਚੇਤਨਾ

**ਸੁਖਦੇਵ ਸਿੰਘ**

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਮਾਨਵੀ ਜੀਵਨ, ਭਾਵੇਂ ਉਹ ਅਧਿਆਤਮਕ ਹੋਵੇ ਜਾਂ ਸਮਾਜਿਕ, ਨਾਲ ਅਤਿਅੰਤ ਨੇੜਤਾ ਰੱਖਦੀ ਹੈ। ਇਸ ਵਿਚੋਂ ਜੀਵਨ ਦੀ ਹਰੇਕ ਸਮੱਸਿਆ ਦਾ ਹੱਲ ਸਹਿਲਤਾ ਨਾਲ ਲੱਭਿਆ ਜਾ ਸਕਦਾ ਹੈ। ਜਿਉਂ-ਜਿਉਂ ਸੱਭਿਅਤਾ ਵਿਕਾਸ ਕਰ ਰਹੀ ਹੈ ਅਤੇ ਮਨੁੱਖ ਵਿਗਿਆਨਕ, ਪਦਾਰਥਕ ਉੱਨਤੀ ਦੀਆਂ ਨਵੀਨਤਮ ਬੁਲੰਦੀਆਂ ਨੂੰ ਛੋਹ ਰਿਹਾ ਹੈ ਤਿਉਂ-ਤਿਉਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੀ ਪ੍ਰਸੰਗਕਤਾ ਦ੍ਰਿੜ੍ਹ ਹੋ ਰਹੀ ਹੈ। ਹੱਥਲੇ ਖੋਜ-ਪੱਤਰ ਦਾ ਸਬੰਧ ਵਰਤਮਾਨ ਸਮੇਂ ਦੀ ਮੁੱਖ ਸਮੱਸਿਆ ਵਾਤਾਵਰਨ ਦੀ ਸੰਭਾਲ ਸਬੰਧੀ ਚੇਤੰਨਤਾ ਦੇ ਸਬੰਧ ਵਿਚ ਗੁਰੂ ਨਾਨਕ ਬਾਣੀ ਦੀ ਪ੍ਰਸੰਗਕਤਾ ਨੂੰ ਵਾਚਣ ਨਾਲ ਸਬੰਧਤ ਹੈ। ਸਰਲ ਅਰਥਾਂ ਵਿਚ ਵਾਤਾਵਰਨ ਤੋਂ ਭਾਵ ਆਲੇ-ਦੁਆਲੇ ਅਥਵਾ ਚੌਗਿਰਦੇ ਤੋਂ ਲਿਆ ਜਾਂਦਾ ਹੈ। ਵਾਤਾਵਰਨ ਤੋਂ ਭਾਵ ਅੰਤਰ-ਕਿਰਿਆ ਕਰਦੇ ਉਨ੍ਹਾਂ ਵਿਭਿੰਨ ਖੰਡਾਂ ਤੋਂ ਹੈ, ਜਿਸ ਵਿਚ ਅਸੀਂ ਰਹਿੰਦੇ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਸਿੱਖ ਧਰਮ ਦਰਸ਼ਨ ਦਾ ਮੂਲ ਆਧਾਰ ਹੈ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਕੇਂਦਰੀ ਸਰੋਕਾਰ ਅਧਿਆਤਮਕ ਵਿਚਾਰਧਾਰਾ ਦੇ ਨਿਰੂਪਣ ਨਾਲ ਸਬੰਧਤ ਹੈ। ਦਾਰਸ਼ਨਿਕ ਸੰਕਲਪਾਂ ਦੇ ਅਭਿ-ਵਿਅੰਜਨ ਰਾਹੀਂ ਉਨ੍ਹਾਂ ਨੇ ਬ੍ਰਹਮ ਨਾਲ ਇਕਸੁਰ ਹੋ ਕੇ ਮੁਕਤੀ ਪ੍ਰਾਪਤ ਕਰਨ ਦੇ ਵਿਧੀ-ਵਿਧਾਨ ਨੂੰ ਅਭਿ-ਵਿਅਕਤ ਕੀਤਾ ਹੈ। ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਮਨੁੱਖ ਦੇ ਅਧਿਆਤਮਕ ਵਿਕਾਸ ਦੀ ਅਭਿ-ਵਿਅਕਤੀ ਕਰਦਿਆਂ ਉਸ ਨੂੰ ਉਚੇਰੀਆਂ ਅਧਿਆਤਮਕ ਮੰਜ਼ਿਲਾਂ ਉੱਪਰ ਪਹੁੰਚਾਉਣ ਲਈ ਰਾਹ-ਦਸੇਰੀ ਬਣਦੀ ਹੈ। ਅਧਿਆਤਮਕ ਚਿੰਤਨ ਦੇ ਸਮਾਨਾਂਤਰ ਮਾਨਵੀ ਜੀਵਨ ਨਾਲ ਸਬੰਧਤ ਸਰੋਕਾਰਾਂ ਨਾਲ ਨਾਤਾ ਜੋੜਨ ਦੀ ਪ੍ਰਕਿਰਤੀ ਵੀ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਉਨ੍ਹਾਂ ਦੀ ਬਾਣੀ ਵਿਚ ਆਦਰਸ਼ਕ ਮਨੁੱਖ ਅਤੇ ਸੁਚੱਜੇ ਸਮਾਜ ਦੀ ਸਿਰਜਣਾ ਦਾ ਸਰੋਕਾਰ ਵੀ ਪ੍ਰਮੁੱਖਤਾ ਸਹਿਤ ਪੇਸ਼ ਹੋਇਆ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਮਾਨਵੀ ਜੀਵਨ, ਭਾਵੇਂ ਉਹ ਅਧਿਆਤਮਕ ਹੋਵੇ ਜਾਂ ਸਮਾਜਿਕ, ਨਾਲ ਅਤਿਅੰਤ ਨੇੜਤਾ ਰੱਖਦੀ ਹੈ। ਇਸ ਵਿਚੋਂ ਜੀਵਨ ਦੀ ਹਰੇਕ ਸਮੱਸਿਆ ਦਾ ਹੱਲ ਸਹਿਲਤਾ ਨਾਲ ਲੱਭਿਆ ਜਾ ਸਕਦਾ ਹੈ। ਇਸ ਦੀ ਇਸੇ ਵਿਸ਼ੇਸ਼ਤਾ ਵਿਚ ਇਸ ਦੀ ਸਰਬਕਾਲੀ ਪ੍ਰਸੰਗਕਤਾ ਮੌਜੂਦ ਹੈ। ਜਿਉਂ-ਜਿਉਂ ਸੱਭਿਅਤਾ ਵਿਕਾਸ ਕਰ ਰਹੀ ਹੈ ਅਤੇ ਮਨੁੱਖ ਵਿਗਿਆਨਕ, ਪਦਾਰਥਕ ਉੱਨਤੀ ਦੀਆਂ ਨਵੀਨਤਮ ਬੁਲੰਦੀਆਂ ਨੂੰ ਛੋਹ ਰਿਹਾ ਹੈ ਤਿਉਂ-ਤਿਉਂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੀ ਪ੍ਰਸੰਗਕਤਾ ਦ੍ਰਿੜ੍ਹ ਹੋ ਰਹੀ ਹੈ। ਹੱਥਲੇ ਖੋਜ-ਪੱਤਰ ਦਾ ਸਬੰਧ ਵਰਤਮਾਨ ਸਮੇਂ ਦੀ ਮੁੱਖ ਸਮੱਸਿਆ ਵਾਤਾਵਰਨ ਦੀ ਸੰਭਾਲ ਸਬੰਧੀ ਚੇਤੰਨਤਾ ਦੇ ਸਬੰਧ ਵਿਚ ਗੁਰੂ ਨਾਨਕ ਬਾਣੀ ਦੀ ਪ੍ਰਸੰਗਕਤਾ ਨੂੰ ਵਾਚਣ ਨਾਲ ਸਬੰਧਤ ਹੈ।

ਸਰਲ ਅਰਥਾਂ ਵਿਚ ਵਾਤਾਵਰਨ ਤੋਂ ਭਾਵ ਆਲੇ-ਦੁਆਲੇ ਅਥਵਾ ਚੌਗਿਰਦੇ ਤੋਂ ਲਿਆ ਜਾਂਦਾ ਹੈ। ਵਾਤਾਵਰਨ ਤੋਂ ਭਾਵ ਅੰਤਰ-ਕਿਰਿਆ ਕਰਦੇ ਉਨ੍ਹਾਂ ਵਿਭਿੰਨ ਖੰਡਾਂ ਤੋਂ ਹੈ, ਜਿਸ ਵਿਚ ਅਸੀਂ ਰਹਿੰਦੇ ਹਾਂ। ਇਸ ਦੇ ਅੰਤਰਗਤ ਭੂ-ਮੰਡਲ, ਜਲ-ਮੰਡਲ, ਵਾਯੂ-ਮੰਡਲ, ਜੀਵ-ਮੰਡਲ ਆਉਂਦੇ ਹਨ। ਅਸਲ ਵਿਚ ਜੋ ਕੁਝ ਵੀ ਆਲੇ-ਦੁਆਲੇ ਵਿਚ ਵਿਆਪਤ ਹੈ, ਵਾਤਾਵਰਨ ਅਖਵਾਉਂਦਾ ਹੈ। ਭੌਤਿਕ, ਰਸਾਇਣਿਕ ਅਤੇ ਜੈਵਿਕ ਤੱਤਾਂ ਦੀ ਸੁਮੇਲਤਾ ਸਦਕਾ ਹੀ ਵਾਤਾਵਰਨ ਦੀ ਸਿਰਜਣਾ ਹੁੰਦੀ ਹੈ। ਜ਼ਮੀਨ, ਹਵਾ, ਪਾਣੀ, ਬਨਸਪਤੀ, ਨਿਰਜੀਵ ਵਸਤੂਆਂ ਆਦਿ ਸਭ ਕੁਝ ਵਾਤਾਵਰਨ ਦਾ ਅੰਗ ਹਨ।

ਕੁਦਰਤੀ ਢੰਗ ਨਾਲ ਕਿਰਿਆਸ਼ੀਲ ਸੰਤੁਲਿਤ, ਸ਼ੁੱਧ ਵਾਤਾਵਰਨ ਹੀ ਮਾਨਵੀ ਜੀਵਨ ਲਈ ਸੁਚੱਜਾ ਰਹਿਣਯੋਗ ਸਥਾਨ ਹੁੰਦਾ ਹੈ।

ਅਜੋਕੇ ਸਮੇਂ ਵਿਚ ਵਾਤਾਵਰਨ ਪ੍ਰਦੂਸ਼ਣ ਦਾ ਵਰਤਾਰਾ ਸਮੁੱਚੇ ਸੰਸਾਰ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਮਨੁੱਖੀ ਜਨਸੰਖਿਆ ਵਿਚ ਲਗਾਤਾਰ ਵਾਧਾ, ਉਦਯੋਗਿਕ ਵਿਕਾਸ ਦੀ ਤੀਬਰ ਗਤੀ, ਵਿਗਿਆਨ ਅਤੇ ਤਕਨਾਲੋਜੀ ਦੀ ਆਮਦ ਨੇ ਸਾਡੇ ਵਾਤਾਵਰਨ ਅਤੇ ਕੁਦਰਤੀ ਸੋਮਿਆਂ ਦੇ ਆਧਾਰ ਨੂੰ ਵੱਡੀ ਢਾਹ ਲਾਈ ਹੈ। ਭਾਵੇਂਕਿ ਮਨੁੱਖ ਨੇ ਵਿਗਿਆਨਕ ਉੱਨਤੀ ਸਦਕਾ ਜੀਵਨ ਜਿਊਣ ਲਈ ਅਨੇਕ ਪ੍ਰਕਾਰ ਦੀਆਂ ਸੁਖ-ਸਹੂਲਤਾਂ ਦੇ ਸਾਧਨ ਸਿਰਜ ਲਏ ਹਨ ਪਰ ਇਸ ਦੇ ਸਾਕਾਰਾਤਮਕ (ਉਸਾਰੂ) ਪਹਿਲੂਆਂ ਦੀ ਨਿਸਬਤ ਨਕਾਰਾਤਮਕ (ਢਾਊ) ਪੱਖਾਂ ਨੇ ਵੀ ਮਾਨਵੀ ਜੀਵਨ ਦੀਆਂ ਸਮੱਸਿਆਵਾਂ ਵਿਚ ਵੱਡੀ ਮਾਤਰਾ ਵਿਚ ਵਾਧਾ ਕੀਤਾ ਹੈ। ਵਿਗਿਆਨ ਮੂਲ ਰੂਪ ਵਿਚ ਮਨੁੱਖ ਦੀ ਬਿਹਤਰੀ ਲਈ ਈਜਾਦ ਕੀਤਾ ਵਿਧਾਨ ਹੈ, ਜਿਸ ਨੂੰ ਮਨੁੱਖ ਨੇ ਆਪਣੇ ਸਵਾਰਥ ਦੀ ਪੂਰਤੀ ਲਈ ਗ਼ਲਤ ਦਿਸ਼ਾ ਵਿਚ ਇਸਤੇਮਾਲ ਕਰਦਿਆਂ ਮਾਨਵੀ ਵਿਨਾਸ਼ ਦਾ ਆਧਾਰ ਬਣਾ ਲਿਆ ਹੈ। ਵਿਗਿਆਨ ਅਤੇ ਤਕਨਾਲੌਜੀ ਦੇ ਵਿਕਾਸ ਨੇ ਮਨੁੱਖ ਨੂੰ ਕੁਦਰਤੀ ਸੋਮਿਆਂ ਉੱਪਰ ਆਪਣਾ ਗ਼ਲਬਾ ਕਾਇਮ ਕਰਨ ਅਤੇ ਇਨ੍ਹਾਂ ਦੀ ਆਪਣੇ ਸਵਾਰਥਾਂ ਦੀ ਪੂਰਤੀ ਹਿੱਤ ਵਰਤੋਂ ਕਰਨ ਲਈ ਉਕਸਾਇਆ ਹੈ ਜਿਸ ਕਾਰਨ ਕੁਦਰਤ ਦਾ ਸੰਤੁਲਨ ਵਿਗੜਨਾ ਸੁਭਾਵਿਕ ਸੀ ਅਤੇ ਇਸ ਦੇ ਮਾੜੇ ਪ੍ਰਭਾਵਾਂ ਨੇ ਜੀਵਨ ਅਤੇ ਕੁਦਰਤ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਹੈ। ਵਰਤਮਾਨ ਸਮੇਂ ਵਿਚ ਮਨੁੱਖ ਹਵਾ-ਪ੍ਰਦੂਸ਼ਣ, ਪਾਣੀ-ਪ੍ਰਦੂਸ਼ਣ, ਭੂ-ਪ੍ਰਦੂਸ਼ਣ ਆਦਿਕ ਦਰਪੇਸ਼ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਓਜ਼ੋਨ ਪਰਤ ਵਿਚ ਹੋਏ ਛੇਕਾਂ

(Black Holes) ਦੇ ਕਾਰਨ ਧਰਤੀ ਉੱਪਰ ਮਨੁੱਖ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਧਰਤੀ ਦਾ ਵੱਧਦਾ ਤਾਪਮਾਨ (Global Warming) ਵੀ ਮਨੁੱਖੀ ਹੋਂਦ ਲਈ ਖ਼ਤਰੇ ਦੀ ਘੰਟੀ ਬਣਿਆ ਹੋਇਆ ਹੈ। ਸਮੁੱਚੇ ਵਿਗਿਆਨਕ ਇਸ ਤੱਥ 'ਤੇ ਇਕਮੱਤ ਹਨ ਕਿ ਧਰਤੀ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਇਸ ਦੇ ਸਿੱਟੇ ਵਜੋਂ ਸਮੁੰਦਰ ਦਾ ਸਤਰ ਵੱਧ ਰਿਹਾ ਹੈ ਜਿਸ ਦੇ ਪ੍ਰਤੀਕੂਲ ਪ੍ਰਭਾਵ ਪੈਣੇ ਯਕੀਨੀ ਹਨ। ਵਿਗਿਆਨਕ ਉੱਨਤੀ ਸਦਕਾ ਭਾਵੇਂ ਜੀਵਨ ਸੁਖਮਈ ਹੋਇਆ ਹੈ ਪਰ ਇਸ ਦੇ ਸਿੱਟੇ ਵਜੋਂ ਵਾਤਾਵਰਨ ਦੀ ਸ਼ੁੱਧਤਾ ਨੂੰ ਚੋਖੀ ਜ਼ਰਬ ਵੀ ਲੱਗੀ ਹੈ। ਪਾਣੀ ਜੀਵਨ ਦਾ ਆਧਾਰ-ਸ੍ਰੋਤ ਹੈ। ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਸ਼ੁੱਧ ਪਾਣੀ ਅਤਿਅੰਤ ਮਹੱਤਵ ਦਾ ਧਾਰਨੀ ਹੈ। ਜੀਵਨ ਵਿਚ ਇਸ ਦਾ ਮਹੱਤਵ ਅੰਮ੍ਰਿਤ ਸਮਾਨ ਮੰਨਿਆ ਜਾਂਦਾ ਹੈ। ਮਨੁੱਖ ਦਾ ਪਾਣੀ ਨਾਲ ਬੜਾ ਗੂੜ੍ਹਾ ਰਿਸ਼ਤਾ ਹੈ। ਹਰੇਕ ਸੱਭਿਅਤਾ ਇਸ ਬਹੁਮੁੱਲੇ ਜੀਵਨਦਾਇਕ ਸ੍ਰੋਤ ਸਦਕਾ ਹੀ ਉਗਮਦੀ, ਵਿਗਸਦੀ ਅਤੇ ਉੱਨਤ ਹੁੰਦੀ ਹੈ। ਪੀਣਯੋਗ ਪਦਾਰਥ ਦੇ ਤੌਰ 'ਤੇ ਪਾਣੀ ਜਿੱਥੇ ਜੀਵਨ ਦਾ ਜ਼ਰੂਰੀ ਅੰਗ ਹੈ ਉਥੇ ਨਿੱਤ ਦੀਆਂ ਲੋੜਾਂ ਵਿਚ ਵੀ ਇਸ ਦਾ ਸਭ ਤੋਂ ਵੱਧ ਮਹੱਤਵ ਹੈ। ਰੋਜ਼ਾਨਾ ਜੀਵਨ ਦੇ ਤਕਰੀਬਨ ਹਰੇਕ ਕੰਮ ਵਿਚ ਇਸ ਦੀ ਸ਼ਮੂਲੀਅਤ ਹੁੰਦੀ ਹੈ। ਇਸ ਦੇ ਨਾਲ ਹੀ ਇਸ ਦਾ ਧਾਰਮਿਕ ਮਹੱਤਵ ਇਸ ਨੂੰ ਪੂਜਣਯੋਗ ਵੀ ਬਣਾ ਦਿੰਦਾ ਹੈ। ਸਦੀਆਂ ਤੋਂ ਪਾਣੀ ਦੀ ਮਹੱਤਤਾ ਨੂੰ ਸਮਝਦਾ ਅਤੇ ਪ੍ਰਵਾਨਦਾ ਆਇਆ ਮਨੁੱਖ ਇਸ ਕੁਦਰਤੀ ਸੋਮੇ ਦੀ ਸੰਭਾਲ ਲਈ ਹਰ ਸੰਭਵ ਉਪਰਾਲਾ ਕਰਦਾ ਸੀ। ਪਰ ਅਜੋਕੇ ਸਮੇਂ ਵਿਚ ਮਨੁੱਖ ਹੀ ਇਸ ਜੀਵਨਦਾਇਕ ਕੁਦਰਤੀ ਦਾਤ ਦਾ ਸਭ ਤੋਂ ਵੱਡਾ ਦੁਸ਼ਮਣ ਬਣਿਆ ਹੋਇਆ ਹੈ। ਪਾਣੀ ਵਰਗੇ ਕੁਦਰਤੀ ਸੋਮੇ ਦੇ ਵਿਨਾਸ਼ ਵੱਲ ਰੁਚਿਤ ਮਨੁੱਖ ਖੁਦ ਆਪਣੇ ਖ਼ਾਤਮੇ ਦਾ ਮੰਜ਼ਰ ਸਿਰਜ ਰਿਹਾ ਹੈ। ਪਾਣੀ ਦਾ ਨਿਰੰਤਰ ਹੋ ਰਿਹਾ ਪ੍ਰਦੂਸ਼ਣ ਮਨੁੱਖੀ ਹੋਂਦ ਲਈ ਨਿਸ਼ਚੇ ਹੀ ਖ਼ਤਰਨਾਕ ਹੈ। ਪਾਣੀ ਪ੍ਰਦੂਸ਼ਣ ਤੋਂ ਭਾਵ ਉਸ ਵਿਚ ਨੁਕਸਾਨਦਾਇਕ ਪਦਾਰਥਾਂ ਦੀ ਵੱਡੀ ਮਾਤਰਾ ਵਿਚ ਮੌਜੂਦਗੀ ਤੋਂ ਹੈ। ਉਦਯੋਗਿਕ ਇਕਾਈਆਂ ਵਿਚੋਂ ਨਿਕਲਣ ਵਾਲਾ ਹਾਨੀਕਾਰਕ ਰਸਾਇਣ, ਵਾਫਰ (ਫਾਲਤੂ) ਪਦਾਰਥ, ਜ਼ਹਿਰੀਲੇ ਮਾਦੇ ਆਦਿ ਨੂੰ ਨੇੜਲੇ ਦਰਿਆ, ਝੀਲ, ਨਾਲੇ ਆਦਿਕ ਪਾਣੀ ਦੇ ਸੋਮਿਆਂ ਵਿਚ ਪ੍ਰਵਾਹਿਤ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪਾਣੀ ਦੇ ਇਹ ਸੋਮੇ ਪ੍ਰਦੂਸ਼ਿਤ ਹੋ ਕੇ ਮਾਨਵੀ ਜੀਵਨ ਲਈ ਖ਼ਤਰਨਾਕ ਬਣ ਜਾਂਦੇ ਹਨ। ਫ਼ਸਲਾਂ ਤੋਂ ਵੱਧ ਝਾੜ ਲੈਣ ਲਈ ਵਰਤੇ ਜਾਂਦੇ ਹਾਨੀਕਾਰਕ ਰਸਾਇਣਾਂ, ਕੀੜੇਮਾਰ ਦਵਾਈਆਂ ਅਤੇ ਖਾਦਾਂ ਆਦਿ ਦੀ ਕੀਤੀ ਜਾਂਦੀ ਅੰਨ੍ਹੇਵਾਹ ਵਰਤੋਂ ਵੀ ਧਰਤੀ ਹੇਠਲੇ ਪਾਣੀ ਨੂੰ ਦੂਸ਼ਤ ਕਰਦੀ ਹੈ ਜਿਸ ਨਾਲ ਅੰਮ੍ਰਿਤ ਰੂਪੀ ਪਾਣੀ ਜ਼ਹਿਰ ਵਿਚ ਤਬਦੀਲ ਹੋ ਰਿਹਾ ਹੈ। ਆਬਾਦੀ ਦੁਆਰਾ ਰੋਜ਼ਾਨਾ ਕਿਰਿਆਵਾਂ ਦੇ ਕਾਰਜ ਦੁਆਰਾ ਪ੍ਰਦੂਸ਼ਤ ਪਾਣੀ ਵੀ ਸੀਵਰੇਜ ਵਿਵਸਥਾ ਰਾਹੀਂ ਪਾਣੀ ਦੇ ਸੋਮਿਆਂ ਵਿਚ ਮਿਲਾ ਦਿੱਤਾ ਜਾਂਦਾ ਹੈ। ਇਸ ਨਾਲ ਵੀ ਜਲ-ਪ੍ਰਦੂਸ਼ਣ ਦੀ ਕਿਰਿਆ ਵਾਪਰਦੀ ਹੈ। ਇਸ ਪ੍ਰਕਾਰ ਮਨੁੱਖ ਵਿਭਿੰਨ ਕਾਰਜਾਂ ਦੁਆਰਾ ਲਗਾਤਾਰ ਪਾਣੀ ਪ੍ਰਦੂਸ਼ਤ ਕਰ ਰਿਹਾ ਹੈ ਅਤੇ ਇਸ ਦੇ ਸਿੱਟਿਆਂ ਦੀ ਵਿਕਰਾਲਤਾ ਨੂੰ ਅੱਖੋਂ-ਪਰੋਖੇ ਕਰ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪਵਿੱਤਰ ਬਾਣੀ ਵਿਚ ਪਾਣੀ ਨੂੰ ਜੀਵਨ ਦੀ ਸ਼ੁਰੂਆਤ ਵਜੋਂ ਪ੍ਰਤਿਬਿੰਬਤ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਜੀਵਨ ਦਾ ਪਹਿਲਾ ਸਿਰਜਣਹਾਰ ਹੀ ਪਾਣੀ ਨੂੰ ਮੰਨਿਆ ਹੈ। ਅਸਲ ਵਿਚ ਪਾਣੀ ਸਜੀਵਤਾ ਦਾ ਅਧਾਰ ਹੈ। ਗੁਰ ਫ਼ਰਮਾਨ ਹੈ :

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ (ਸਲੋਕੁ ਮ.੧, ਅੰਕ : ੪੭੨)**

ਗੁਰੂ ਨਾਨਕ ਸਾਹਿਬ ਨੇ ਪਾਣੀ ਨੂੰ ਪਿਤਾ ਦਾ ਦਰਜਾ ਦਿੰਦਿਆਂ ਜੀਵਨ ਵਿਚ ਇਸ ਦੀ ਅਤਿਅੰਤ ਮਹੱਤਤਾ ਨੂੰ ਮੂਰਤੀਮਾਨ ਕੀਤਾ ਹੈ। ਗੁਰੂ ਸਾਹਿਬ ਪਾਣੀ ਨੂੰ ਸਿਰਜਣਾਤਮਕ ਸ਼ਕਤੀ ਰੱਖਣ ਕਾਰਨ ਆਪਣੀ ਬਾਣੀ ਵਿਚ ਵਡਿਆਉਂਦੇ ਹਨ :

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (ਸਲੋਕੁ, ਅੰਕ : ੮)**

ਪਾਣੀ, ਸੁੱਚਮਤਾ ਦਾ ਪ੍ਰਤੀਕ ਹੈ। ਨਿਰਮਲ ਜਲ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਜੀਵਾਂ, ਵਸਤਾਂ, ਪਦਾਰਥਾਂ ਆਦਿ ਦੀ ਮੈਲ ਉਤਾਰ ਕੇ ਉਨ੍ਹਾਂ ਨੂੰ ਸ਼ੁੱਧ, ਪਵਿੱਤਰ ਕਰਦਾ ਹੈ। ਕੋਈ ਵੀ ਧਾਰਮਿਕ ਕਾਰਜ ਕਰਨ ਲੱਗਿਆਂ ਇਸ਼ਨਾਨ ਜਾਂ ਹੱਥ ਸੁੱਚੇ ਕਰਨ ਦੀ ਕਿਰਿਆ ਪਾਣੀ ਦੁਆਰਾ ਹੀ ਕੀਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਵੇਈਂ ਪ੍ਰਵੇਸ਼ ਵਾਲੀ ਸਾਖ਼ੀ ਜਿਸ ਸਦਕਾ ਉਹ ਅਕਾਲ ਪੁਰਖ ਦੇ ਦਰਬਾਰ ਵਿਚ ਜਾ ਪਹੁੰਚਦੇ ਹਨ ਪਾਣੀ ਦੀ ਸੁੱਚਮਤਾ ਨੂੰ ਸੁਦ੍ਰਿੜ੍ਹ ਕਰਨ ਵਾਲੀ ਮਹੱਤਵਪੂਰਨ ਘਟਨਾ ਹੈ। ਗੁਰੂ ਨਾਨਕ ਸਾਹਿਬ ਨੇ ਪਾਣੀ ਦੀ ਇਹ ਪ੍ਰਕਿਰਤੀ ਵੀ ਦਰਸਾਈ ਹੈ ਕਿ ਇਹ ਆਪਣੇ ਕੋਲ ਆਉਣ ਵਾਲਿਆਂ ਦੀ ਮੈਲ ਉਤਾਰ ਕੇ ਉਸ ਨੂੰ ਆਪਣੇ ਵਿਚ ਸਮਾਉਂਦਾ ਹੈ ਅਤੇ ਉਨ੍ਹਾਂ ਨੂੰ ਸੁੱਚਮਤਾ ਪ੍ਰਦਾਨ ਕਰਦਾ ਹੈ। ਅਜਿਹਾ ਕਰਕੇ ਵੀ ਇਹ ਖੁਦ ਨਿਰਮਲ ਅਤੇ ਪਵਿੱਤਰ ਰਹਿੰਦਾ ਹੈ। ਇਸ ਤਰ੍ਹਾਂ ਦਰਿਆ (ਜਲ) ਦੀ ਪ੍ਰਕਿਰਤੀ ਵੀ ਗੁਰੂ ਵਾਲੀ ਹੈ। ਗੁਰਵਾਕ ਹੈ :

**ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥ (ਪ੍ਰਭਾਤੀ ਮਹਲਾ ੧, ਅੰਕ : ੧੩੨੯)**

ਪਰ ਅਜੋਕੇ ਸਮੇਂ ਵਿਚ ਮਨੁੱਖ ਦੀ ਪਾਣੀ ਪ੍ਰਤੀ ਨਿਰਦੈਇਤਾ ਅਤੇ ਅਸਤਿਕਾਰ ਵਾਲੀ ਪ੍ਰਵਿਰਤੀ ਕਰਕੇ ਕੁਦਰਤ ਦੇ ਇਸ ਅਨਮੋਲ ਰਤਨ ਦੀ ਦੁਰਦਸ਼ਾ ਹੋ ਰਹੀ ਹੈ। ਮਨੁੱਖ ਆਪਣੀਆਂ ਭੌਤਿਕ, ਪਦਾਰਥਕ ਲੋੜਾਂ ਅਤੇ ਸਵਾਰਥਾਂ ਕਰਕੇ ਜਲ-ਪ੍ਰਦੂਸ਼ਣ ਦਾ ਕਾਰਜ ਤੀਬਰਤਾ ਅਤੇ ਨਿਰੰਤਰਤਾ ਨਾਲ ਕਰ ਰਿਹਾ ਹੈ। ਅਜਿਹੀ ਸਥਿਤੀ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਸਾਰਥਿਕਤਾ ਸਵੈਸਿੱਧ ਹੈ। ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਣੀ ਪ੍ਰਤੀ ਉਪਰੋਕਤ ਪਹੁੰਚ ਨੂੰ ਅਪਣਾ ਲਿਆ ਜਾਵੇ ਤਾਂ ਪਾਣੀ ਦੀ ਹੋ ਰਹੀ ਦੁਰਦਸ਼ਾ ਨੂੰ ਰੋਕਿਆ ਜਾ ਸਕਦਾ ਹੈ। ਪਾਣੀ ਨੂੰ ਪਿਤਾ, ਗੁਰੂ ਦੀ ਨਿਆਈਂ ਸਮਝ ਕੇ ਇਸ ਦੀ ਦੁਰਵਰਤੋਂ ਨੂੰ ਰੋਕਿਆ ਜਾਵੇ ਤਾਂ ਇਸ ਜੀਵਨਦਾਇਕ ਸੋਮੇ ਨੂੰ ਬਚਾਇਆ ਜਾ ਸਕਦਾ ਹੈ।

ਹਵਾ ਮਨੁੱਖੀ ਜ਼ਿੰਦਗੀ ਨੂੰ ਚਲਾਉਣ ਵਾਲਾ ਅਜਿਹਾ ਤੱਤ ਹੈ ਜਿਸ ਦੀ ਅਣਹੋਂਦ ਵਿਚ ਜੀਵਨ ਦੀ ਕਲਪਨਾ ਵੀ ਅਸੰਭਵ ਹੈ। ਜੀਵ ਹਰ ਪਲ ਸਾਹ ਲੈਂਦਾ ਹੈ ਜੋ ਹਵਾ ਦੀ ਹੋਂਦ ਸਦਕਾ ਹੀ ਸੰਭਵ ਹੈ। ਮਨੁੱਖੀ ਜੀਵਨ ਦੀਆਂ ਹੋਰ ਬੁਨਿਆਦੀ ਜ਼ਰੂਰਤਾਂ ਦਾ ਤਾਂ ਸ਼ਾਇਦ ਕੋਈ ਬਦਲਵਾਂ ਰੂਪ ਹੋ ਸਕਦਾ ਹੈ ਪਰ ਹਵਾ ਦਾ ਕੋਈ ਬਦਲਵਾਂ ਹੱਲ ਨਹੀਂ ਹੈ। ਪਰ ਅਜੋਕਾ ਸਵਾਰਥੀ ਮਨੁੱਖ ਇਸ ਜੀਵਨਦਾਇਕ ਤੱਤ ਨੂੰ ਵੀ ਆਪਣੀਆਂ ਪਦਾਰਥਕ ਲੋੜਾਂ ਦੀ ਪੂਰਤੀ ਲਈ ਗੰਧਲਾ ਕਰਨੋਂ ਗੁਰੇਜ਼ ਨਹੀਂ ਕਰ ਰਿਹਾ। ਵਾਤਾਵਰਨੀ ਪ੍ਰਦੂਸ਼ਣ ਵਿਚ ਹਵਾ-ਪ੍ਰਦੂਸ਼ਣ ਵੀ ਅਹਿਮ ਸਥਾਨ ਰੱਖਦਾ ਹੈ। ਸਾਡੇ ਆਲੇ-ਦੁਆਲੇ ਦੀ ਵਾਯੂਮੰਡਲੀ ਪਰਤ ਵਿਚ ਮੌਜੂਦ ਧੂੜ, ਧੂੰਆਂ, ਧੁੰਦ, ਬਦਬੂ ਅਤੇ ਵਾਸ਼ਪ ਆਦਿ ਦੀ ਉਹ ਅਣਉਚਿਤ ਮਾਤਰਾ; ਜੋ ਮਨੁੱਖਾਂ, ਪੌਦਿਆਂ ਜਾਂ ਜੀਵਾਂ ਲਈ ਨੁਕਸਾਨਦੇਹ ਪ੍ਰਭਾਵਾਂ ਦਾ ਕਾਰਨ ਬਣਦੀ ਹੈ, ਨੂੰ ਹਵਾ-ਪ੍ਰਦੂਸ਼ਣ ਕਿਹਾ ਜਾਂਦਾ ਹੈ। ਉਦਯੋਗਾਂ ਦੁਆਰਾ ਛੱਡਿਆ ਜਾਂਦਾ ਜ਼ਹਿਰੀਲਾ ਧੂੰਆਂ, ਵਾਹਨਾਂ ਦੁਆਰਾ ਕੀਤਾ ਜਾਂਦਾ ਪ੍ਰਦੂਸ਼ਣ ਅਤੇ ਵਿਭਿੰਨ ਤਰੀਕਿਆਂ ਦੁਆਰਾ ਹਵਾ ਨੂੰ ਪ੍ਰਦੂਸ਼ਿਤ ਕਰਕੇ ਮਨੁੱਖੀ ਸਰੀਰਾਂ ਲਈ ਹਾਨੀਕਾਰਕ ਬਣਾਇਆ ਜਾਂਦਾ ਹੈ। ਅਜੋਕੇ ਸਮੇਂ ਵਿਚ ਤਾਂ ਬੜੀ ਤੇਜ਼ੀ ਅਤੇ ਨਿਰੰਤਰਤਾ ਨਾਲ ਹਵਾ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ।

ਗੁਰੂ ਨਾਨਕ ਸਾਹਿਬ ਦੀ ਪਵਿੱਤਰ ਬਾਣੀ ਵਿਚ ਹਵਾ ਨੂੰ 'ਗੁਰੂ' ਦਾ ਦਰਜਾ ਦਿੱਤਾ ਗਿਆ

ਹੈ। ਸਮੁੱਚੇ ਸੰਸਾਰ ਦੇ ਜੀਵ-ਜੰਤੂਆਂ ਲਈ ਹਵਾ ਦਾ ਸਥਾਨ ਨਿਸ਼ਚੇ ਹੀ ਗੁਰੂ ਸਮਾਨ ਹੈ। ਹਵਾ ਨੂੰ ਗੁਰੂ ਇਸ ਲਈ ਕਿਹਾ ਗਿਆ ਹੈ ਕਿਉਂਕਿ ਜਿਸ ਪ੍ਰਕਾਰ ਜੀਵ-ਆਤਮਾ ਨੂੰ ਗੁਰੂ ਦੀ ਲੋੜ ਰਹਿੰਦੀ ਹੈ ਉਸੇ ਤਰ੍ਹਾਂ ਹਵਾ ਵੀ ਸਰੀਰ ਨੂੰ ਸਜੀਵਤਾ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਵਾ ਨੂੰ ਗੁਰੂ ਕਹਿ ਕੇ ਸਤਿਕਾਰ ਦੇਣਾ ਉਨ੍ਹਾਂ ਦੇ ਹਵਾ ਦੀ ਮਹੱਤਤਾ ਨੂੰ ਸਮਝਣ ਦਾ ਲਖਾਇਕ ਹੈ, ਜਿਸ ਪ੍ਰਤੀ ਗੁਰੂ ਸਾਹਿਬ ਫ਼ਰਮਾਨ ਕਰਦੇ ਹਨ:

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (ਸਲੋਕੁ, ਅੰਕ : ੮)**

ਅਸਲ ਵਿਚ ਇਹ ਸਰੀਰ ਪਾਣੀ, ਹਵਾ ਅਤੇ ਅਗਨੀ ਦੀ ਸੁਮੇਲਤਾ ਦਾ ਨਤੀਜਾ ਹੈ, ਜਿਸ ਸਬੰਧੀ ਗੁਰਬਾਣੀ ਵਿਚ ਫ਼ਰਮਾਨ ਹੈ:

**ਪਉਣੈ ਪਾਣੀ ਅਗਨੀ ਕਾ ਮੇਲੁ ॥ (ਗਉੜੀ ਮਹਲਾ ੧, ਅੰਕ : ੧੫੨)**

ਉਪਰੋਕਤ ਤੱਤਾਂ ਦੇ ਕਰਕੇ ਸਰੀਰ ਦੀ ਹੋਂਦ ਹੈ। ਇਨ੍ਹਾਂ ਵਿਚੋਂ ਕੋਈ ਵੀ ਤੱਤ ਮਨਫ਼ੀ ਕਰ ਦਿੱਤਾ ਜਾਵੇ ਤਾਂ ਜੀਵਨ ਦੀ ਹੋਂਦ ਖ਼ਤਮ ਹੋ ਜਾਵੇਗੀ। ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਹਵਾ (ਪਵਣੁ) ਦੀ ਮਹੱਤਵਸ਼ੀਲਤਾ ਨੂੰ ਦ੍ਰਿੜ੍ਹਤਾ ਨਾਲ ਪੇਸ਼ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਮਨੁੱਖ ਦੁਆਰਾ ਸ਼ੁੱਧ ਹਵਾ ਦੀ ਮਹੱਤਤਾ ਨੂੰ ਵਿਸਾਰ ਕੇ ਇਸ ਦਾ ਆਪਣੇ ਨਿੱਜੀ ਸਵਾਰਥਾਂ ਦੀ ਖ਼ਾਤਰ ਕੀਤਾ ਜਾ ਰਿਹਾ ਪ੍ਰਦੂਸ਼ਣ ਨਿਸ਼ਚੇ ਹੀ ਚਿੰਤਾ ਦਾ ਵਿਸ਼ਾ ਹੈ।

ਵਾਤਾਵਰਨੀ ਪ੍ਰਦੂਸ਼ਣ ਦੇ ਅੰਤਰਗਤ ਭੂ-ਪ੍ਰਦੂਸ਼ਣ ਵੀ ਇਕ ਅਹਿਮ ਕਾਰਕ ਹੈ। ਭੂਮੀ ਦੇ ਭੌਤਿਕ, ਰਸਾਇਣਿਕ ਜਾਂ ਜੈਵਿਕ ਗੁਣਾਂ ਵਿਚ ਅਜਿਹੀ ਕੋਈ ਵੀ ਮਾੜੀ ਤਬਦੀਲੀ ਜਿਸ ਦਾ ਅਸਰ ਮਨੁੱਖ ਅਤੇ ਹੋਰ ਜੀਵਾਂ ’ਤੇ ਪੈਂਦਾ ਹੋਵੇ ਜਾਂ ਜਿਸ ਕਰਕੇ ਭੂਮੀ ਦੇ ਕੁਦਰਤੀ ਗੁਣ ਤੇ ਉਸ ਦੀ ਉਪਯੋਗਤਾ ਖ਼ਤਮ ਹੁੰਦੀ ਹੋਵੇ ਭੂਮੀ ਪ੍ਰਦੂਸ਼ਣ ਕਹਾਉਂਦੀ ਹੈ।ਅਜੋਕੇ ਮਨੁੱਖ ਨੇ ਆਪਣੇ ਸਵਾਰਥਾਂ ਦੀ ਖ਼ਾਤਰ ਧਰਤੀ ਨੂੰ ਪਲੀਤ ਕਰ ਦਿੱਤਾ ਹੈ। ਖੇਤੀਬਾੜੀ ਕਾਰਜਾਂ ਵਿਚ ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ ਦੀ ਬੇਤਹਾਸ਼ਾ ਵਰਤੋਂ ਨੇ ਧਰਤੀ ਨੂੰ ਪਲੀਤਣ ਵਿਚ ਨਕਾਰਾਤਮਕ ਭੂਮਿਕਾ ਨਿਭਾਈ ਹੈ।

ਮਨੁੱਖ ਨੇ ਉਤਪਾਦਨ ਵਧਾਉਣ ਦੀ ਖ਼ਾਤਰ ਧਰਤੀ ਉੱਪਰ ਅਨੇਕਾਂ ਜ਼ੁਲਮ ਢਾਹੇ ਹਨ ਜਿਸ ਕਰਕੇ ਇਸ ਦੇ ਉਪਜਾਊਪਣ ਵਿਚ ਨਿਰੰਤਰ ਗਿਰਾਵਟ ਆ ਰਹੀ ਹੈ। ਰੋਜ਼ਾਨਾ ਜੀਵਨ ਵਿਚ ਉਤਪੰਨ ਹੋਣ ਵਾਲਾ ਕੂੜਾ-ਕਰਕਟ ਵੀ ਧਰਤੀ ਦੇ ਵਾਤਾਵਰਨ ਨੂੰ ਗੰਧਲਾ ਕਰਨ ਵਿਚ ਭਰਪੂਰ ਯੋਗਦਾਨ ਪਾਉਂਦਾ ਹੈ। ਰੋਜ਼ਾਨਾ ਜੀਵਨ ਵਿਚ ਪਲਾਸਟਿਕ ਦੀ ਵੱਧ ਰਹੀ ਵਰਤੋਂ ਨੇ ਧਰਤੀ ਦੇ ਪ੍ਰਦੂਸ਼ਣ ਵਿਚ ਅਥਾਹ ਵਾਧਾ ਕੀਤਾ ਹੈ। ਇਸ ਤੋਂ ਇਲਾਵਾ ਉਦਯੋਗਾਂ ਦੁਆਰਾ ਪੈਦਾ ਹੁੰਦੇ ਫਾਲਤੂ ਕੂੜਾ-ਕਰਕਟ ਨੇ ਵੀ ਭੂ-ਪ੍ਰਦੂਸ਼ਣ ਵਿਚ ਵੱਡਾ ਰੋਲ ਅਦਾ ਕੀਤਾ ਹੈ ਗੁਰੂ ਨਾਨਕ ਸਾਹਿਬ ਦੀ ਪਵਿੱਤਰ ਬਾਣੀ ਵਿਚ ਧਰਤੀ ਨੂੰ 'ਮਾਤਾ' ਵਜੋਂ ਮੂਰਤੀਮਾਨ ਕਰਕੇ ਸਤਿਕਾਰ ਦਿੱਤਾ ਗਿਆ ਹੈ। ਧਰਤੀ ਦੀ ਪ੍ਰਕਿਰਤੀ ਨਿਸ਼ਚੇ ਹੀ ਮਾਤਾ ਵਾਲੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦੇ ਤੌਰ ’ਤੇ ਮੂਰਤੀਮਾਨ ਕਰਦੇ ਹਨ। ਉਨ੍ਹਾਂ ਦੀ ਬਾਣੀ ਵਿਚ ਧਰਤੀ ਨੂੰ ਨਿਮਰਤਾ, ਧੀਰਜ ਵਰਗੇ ਉਚੇਰੇ ਮਾਨਵੀ ਸਦੁਗੁਣਾਂ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਗਿਆ ਹੈ। ਧਰਤੀ ਉੱਪਰ ਹਲ ਚਲਾ ਕੇ ਬੀਜ ਬੀਜਿਆ ਜਾਂਦਾ ਹੈ, ਉਸ ਨੂੰ ਪਾਣੀ ਨਾਲ ਸਿੰਜਿਆ ਜਾਂਦਾ ਹੈ ਜਿਸ ਨਾਲ ਜੀਵਨਦਾਇਕ ਅਨਾਜ ਦੀ ਉਤਪਤੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਇਸ ਕਿਰਿਆ ਦਾ ਰੂਪਾਂਤਰਨ ਆਪਣੇ ਜੀਵਨ ਵਿਚ ਕਰਨ ਲਈ ਪ੍ਰੇਰਿਤ ਕਰਦੇ ਹਨ ਜਿਸ ਸਦਕਾ ਉਹ ਪਰਮਾਤਮਾ ਦਾ ਨਾਮ-ਸਿਮਰਨ ਕਰਕੇ ਵਿਸ਼ੇ-ਵਿਕਾਰਾਂ, ਵਾਸ਼ਨਾਵਾਂ ਤੋਂ ਮੁਕਤ ਹੋ ਜਾਵੇਗਾ:

**ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥**
**ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥**
**(ਸਿਰੀਰਾਗੁ ਮਹਲਾ ੧ ਘਰੁ ੩, ਅੰਕ : ੨੩)**

ਗੁਰਬਾਣੀ ਵਿਚ ਧਰਤੀ ਨੂੰ ਸਹਿਨਸ਼ੀਲਤਾ ਦੇ ਸਿਖਰਤਮ ਪ੍ਰਤੀਕ ਵਜੋਂ ਅਭਿ-ਵਿਅੰਜਤ ਕੀਤਾ ਗਿਆ ਹੈ। ਜਿਸ ਉੱਪਰ ਸਮੁੱਚੀ ਖਲਕਤ ਦਾ ਭਾਰ ਹੈ, ਭਾਵ ਜਿਸ ਧਰਤੀ ਨੇ ਸਮੁੱਚੀ ਖਲਕਤ ਦਾ ਭਾਰ ਆਪਣੇ ਉੱਪਰ ਉਠਾਇਆ ਹੋਇਆ ਹੈ, ਉਹ ਧੰਨ ਹੈ। ਉਸ ਤੋਂ ਬਲਿਹਾਰੇ ਜਾਇਆ ਜਾ ਸਕਦਾ ਹੈ। ਉਸ ਦਾ ਅਪਮਾਨ ਜਾਂ ਤ੍ਰਿਸਕਾਰ ਤਾਂ ਮਨੁੱਖ ਲਈ ਅਕ੍ਰਿਤਘਣਤਾ ਹੈ। ਇਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਧਰਤੀ ਦੀ ਸਹਿਨਸ਼ੀਲਤਾ, ਨਿਮਰਤਾ ਵਾਲੀ ਪ੍ਰਕਿਰਤੀ ਦਰਸਾ ਕੇ ਮਨੁੱਖ ਨੂੰ ਇਸ ਨੂੰ ਪ੍ਰਦੂਸ਼ਿਤ ਨਾ ਕਰਨ, ਜ਼ੁਲਮ ਨਾ ਕਰਨ ਦਾ ਸੰਦੇਸ਼ ਦਿੰਦੇ ਹਨ।

ਰੁੱਖ ਸੰਤੁਲਿਤ ਵਾਤਾਵਰਨ ਦੀ ਸਥਾਪਨਾ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਹਨ। ਹਵਾ ਪ੍ਰਦੂਸ਼ਣ ਨੂੰ ਘਟਾਉਣ ਵਿਚ ਇਨ੍ਹਾਂ ਦੀ ਭੂਮਿਕਾ ਅਹਿਮ ਹੈ। ਰੁੱਖਾਂ ਦੀ ਬਹੁਤਾਤ ਸਦਕਾ ਹੀ ਧਰਤੀ ਉੱਪਰ ਹਰਿਆਵਲ ਆ ਸਕਦੀ ਹੈ ਜੋ ਪ੍ਰਕਿਰਤੀ ਵਿਚ ਸੁੰਦਰਤਾ ਅਤੇ ਸ਼ੁੱਧਤਾ ਲਿਆਉਣ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ। ਰੁੱਖ ਹਵਾ ਵਿਚੋਂ ਕਾਰਬਨ ਡਾਇਆਕਸਾਇਡ ਨੂੰ ਜਜ਼ਬ ਕਰਕੇ ਮਾਨਵੀ ਜੀਵਨ ਲਈ ਲਾਹੇਵੰਦ ਆਕਸੀਜਨ ਹਵਾ ਵਿਚ ਮਿਲਾਉਂਦੇ ਹਨ। ਪ੍ਰਦੂਸ਼ਣ-ਮੁਕਤ ਅਤੇ ਸ਼ੁੱਧ ਆਕਸੀਜਨ ਯੁਕਤ ਹਵਾ ਸਦਕਾ ਹੀ ਮਾਨਵੀ ਜੀਵਨ ਦੀ ਹੋਂਦ ਹੈ। ਭਾਰਤ ਵਿਚ ਕੁਦਰਤੀ ਬਨਸਪਤੀ ਦੇ ਵਿਭਿੰਨਤਾ ਅਤੇ ਵਿਆਪਕਤਾ ਸਹਿਤ ਫ਼ੈਲਣ ਲਈ ਅਨੁਕੂਲ ਭੂਗੋਲਿਕ ਹਾਲਾਤ ਰਹੇ ਹਨ। ਪਰ ਮਨੁੱਖੀ ਵਿਕਾਸ ਦੇ ਲੰਮੇ ਦੌਰ ਵਿਚ ਜੰਗਲਾਂ ਨੂੰ ਬੜੀ ਢਾਹ ਲੱਗੀ ਹੈ। ਮਨੁੱਖ ਨੇ ਆਪਣੇ ਰਹਿਣ ਲਈ, ਖੇਤੀਬਾੜੀ, ਉਦਯੋਗਾਂ ਅਤੇ ਵਿਕਾਸ ਯੋਜਨਾਵਾਂ ਲਈ ਰੁੱਖਾਂ ਦਾ ਅੰਨ੍ਹੇਵਾਹ ਵਿਨਾਸ਼ ਕੀਤਾ ਹੈ। ਵਰਤਮਾਨ ਸਮੇਂ ਵਿਚ ਮਨੁੱਖ ਰੁੱਖਾਂ ਦੀ ਅੰਧਾ-ਧੁੰਦ ਕਟਾਈ ਕਰਕੇ ਸ਼ੁੱਧ ਹਵਾ ਤੋਂ ਵੀ ਮਹਿਰੂਮ ਹੋ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਰੁੱਖ ਨੂੰ ਪਰਮਾਤਮਾ ਦੇ ਬਿੰਬ ਵਜੋਂ ਪੇਸ਼ ਕਰਕੇ ਇਸ ਦੀ ਅਤਿਅਧਿਕ ਮਹੱਤਤਾ ਨੂੰ ਮੂਰਤੀਮਾਨ ਕੀਤਾ ਗਿਆ ਹੈ:

**ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥ (ਰਾਗੁ ਵਡਹੰਸੁ ਮਹਲਾ ੧ ਘਰੁ ੧, ਅੰਕ : ੫੫੭)**

ਜੇਕਰ ਅਜੋਕਾ ਮਨੁੱਖ ਰੁੱਖਾਂ ਦੇ ਮਹੱਤਵ ਨੂੰ ਸਮਝ ਕੇ ਇਨ੍ਹਾਂ ਦੇ ਵਿਨਾਸ਼ ਦੀ ਥਾਂ ਵਿਕਾਸ ਵੱਲ ਰੁਚਿਤ ਹੋ ਜਾਵੇ ਤਾਂ ਰੁੱਖਾਂ ਦੀ ਕਟਾਈ ਸਦਕਾ ਵੱਧ ਰਹੇ ਹਵਾ-ਪ੍ਰਦੂਸ਼ਣ ਤੋਂ ਨਿਜਾਤ ਪਾਈ ਜਾ ਸਕਦੀ ਹੈ। ਵਰਤਮਾਨ ਸਮੇਂ ਵਿਚ ਰੁੱਖਾਂ ਦੀ ਕਟਾਈ ਰੋਕਣ ਦੇ ਨਾਲ-ਨਾਲ ਭਰਪੂਰ ਮਾਤਰਾ ਵਿਚ ਰੁੱਖ ਲਗਾ ਕੇ ਧਰਤੀ ਨੂੰ ਮੁੜ ਹਰਿਆ-ਭਰਿਆ ਕਰਨ ਦੀ ਸਖ਼ਤ ਲੋੜ ਹੈ। ਇਸ ਤਰ੍ਹਾਂ ਦ੍ਰਿਸ਼ਟਮਾਨ ਹੁੰਦਾ ਹੈ ਕਿ ਅਜੋਕੇ ਮਾਨਵ ਨੇ ਭੌਤਿਕਵਾਦੀ, ਪਦਾਰਥਵਾਦੀ ਸਵਾਰਥਾਂ ਦੀ ਖ਼ਾਤਰ ਵਾਤਾਵਰਨ ਨੂੰ ਬੇਇੰਤਹਾ ਪ੍ਰਦੂਸ਼ਤ ਕੀਤਾ ਹੈ ਅਤੇ ਇਹ ਪ੍ਰਦੂਸ਼ਣ ਨਿਰੰਤਰ ਜਾਰੀ ਹੈ। ਮਨੁੱਖ ਨੇ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਖਾਤਰ ਹਵਾ, ਪਾਣੀ, ਧਰਤੀ ਨੂੰ ਪ੍ਰਦੂਸ਼ਤ ਕਰਕੇ ਇਕ ਤਰ੍ਹਾਂ ਨਾਲ ਰੋਗੀ ਬਣਾ ਦਿੱਤਾ ਹੈ :

**ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥ (ਭੈਰਉ ਅਸਟਪਦੀਆ ਮਹਲਾ ੧ ਘਰੁ ੨, ਅੰਕ : ੧੧੫੩)**

ਉਪਰੋਕਤ ਵਿਚਾਰ-ਚਰਚਾ ਉਪਰੰਤ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸ਼ਹਿਰੀਕਰਨ ਅਤੇ ਉਦਯੋਗੀਕਰਨ ਦੇ ਅਜੋਕੇ ਦੌਰ ਨੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਤ ਕੀਤਾ ਹੈ। ਅਜਿਹਾ ਪ੍ਰਦੂਸ਼ਤ ਵਾਤਾਵਰਨ ਮਾਨਵੀ ਜੀਵਨ ਦੀ ਹੋਂਦ ਲਈ ਪ੍ਰਤੀਕੂਲ ਪ੍ਰਭਾਵਾਂ ਵਾਲਾ ਹੈ। ਅਜੋਕੇ ਸਮੇਂ ਵਿਚ ਪ੍ਰਦੂਸ਼ਣ ਤੋਂ ਨਿਜਾਤ ਪ੍ਰਾਪਤ ਕਰਨ ਅਤੇ ਵਾਤਾਵਰਨ ਨੂੰ ਸ਼ੁੱਧ, ਸੰਤੁਲਿਤ ਬਣਾਈ ਰੱਖਣ ਦੀ ਸਖ਼ਤ ਜ਼ਰੂਰਤ ਹੈ। ਅਜਿਹੇ ਹਾਲਾਤ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਨਿਸ਼ਚੇ ਹੀ ਇਕ ਮਾਰਗ-ਦਰਸ਼ਕ ਦੀ ਸੁਚੱਜੀ ਭੂਮਿਕਾ ਅਦਾ ਕਰ ਸਕਦੀ ਹੈ। ▪▪

# ਖ਼ਾਲਸੇ ਦੀ ਕਿਰਪਾਨ ਨੂੰ ਵੰਗਾਰ

ਮੋਮਨ ਖ਼ਾਨ ਨੇ ਇਹ ਮਿੱਥ ਕੇ ਅਫ਼ਗਾਨ ਅਫ਼ਸਰਾਂ ਵਲੋਂ ਸਿੰਘਾਂ ਨੂੰ ਇਕ ਚਿੱਠੀ ਲਿਖਵਾਈ ਕਿ "ਅਸੀਂ ਅਫ਼ਗਾਨ ਅਹਿਮਦ ਸ਼ਾਹ ਦੇ ਭਾਈ-ਬੰਦ ਹਾਂ। ਤੁਸੀਂ ਵੀ ਜਹਾਨ ਵਿਚ ਜੰਗਜੂ ਪ੍ਰਸਿੱਧ ਹੋ। ਅਸੀਂ ਤੁਹਾਡੇ ਨਾਲ ਜੰਗ ਵਿਚ ਹੱਥ ਵੇਖਣ ਆਏ ਸਾਂ। ਪਰ ਤੁਸੀਂ ਤਾਂ ਬਿਨ-ਲੜੇ ਹੀ ਕਾਇਰਾਂ ਵਾਂਗ ਪਹਿਲਾਂ ਹੀ ਦੌੜ ਗਏ ਹੋ। ਜੇ ਸੱਚਮੁੱਚ ਦੇ ਸਿੰਘ ਹੋ ਤਾਂ ਆਓ ਮੈਦਾਨ ਵਿਚ ਤਲਵਾਰਾਂ ਨਾਲ ਲੜੋ ਤੇ ਦਿਲਾਂ ਦੀਆਂ ਸੱਧਰਾਂ ਲਾਹ ਲਈਏ। ਜੇ ਇਸ ਤਰ੍ਹਾਂ ਨਹੀਂ ਲੜਨਾ ਤਾਂ ਇਕ ਦੁਰਾਨੀ ਨਾਲ ਦੋ-ਦੋ ਸਿੰਘ ਹੋ ਕੇ ਲੜ ਲਓ। ਬਾਕੀ ਸਾਡੀ ਸਾਰੀ ਫ਼ੌਜ ਦੂਰ ਖੜ੍ਹੀ ਦੇਖਦੀ ਰਹੇਗੀ। ਖ਼ੁਦਾ ਗਵਾਹ ਹੈ, ਅਸੀਂ ਆਪਣੇ ਹਰਫ਼ 'ਤੇ ਕਾਇਮ ਰਹਾਂਗੇ, ਸਾਡੇ ਵਲੋਂ ਕੋਈ ਦਗ਼ਾ ਨਹੀਂ ਹੋਵੇਗਾ। ਜੇ ਲੜ ਨਹੀਂ ਸਕਦੇ ਤਾਂ ਸਿੰਘ ਨਾਮ ਤੇ ਸ਼ਸਤਰ ਛੱਡ ਕੇ ਘਰਾਂ ਨੂੰ ਜਾਓ, ਖੇਤੀ ਵਾਹੀ ਕਰੋ ਤੇ ਜੱਟ ਸਦਵਾਉ।" ਦੁਰਾਨੀਆਂ ਦੀ ਇਹ ਵੰਗਾਰ ਸਿੰਘਾਂ ਵਿਚਦੀ ਤਾਰ ਵਾਂਗ ਫ਼ਿਰ ਗਈ।

ਅਹਿਮਦ ਸ਼ਾਹ ਦੁਰਾਨੀ ਨੇ ਅਫ਼ਗਾਨਿਸਤਾਨ ਤੋਂ ਹਿੰਦੁਸਤਾਨ 'ਤੇ ਚੜ੍ਹਾਈ ਕੀਤੀ ਤਾਂ ਉਸ ਨੇ ਆਉਂਦਿਆਂ ਹੀ ੧੨ ਜਨਵਰੀ ੧੭੪੮ ਨੂੰ ਲਾਹੌਰ 'ਤੇ ਕਬਜ਼ਾ ਕਰ ਲਿਆ। ਜਲ੍ਹੇ ਖ਼ਾਨ ਕਸੂਰੀ ਪਠਾਣ ਨੂੰ ਲਾਹੌਰ ਦਾ ਹਾਕਮ ਥਾਪਿਆ, ਮੋਮਨ ਖ਼ਾਨ ਨੂੰ ਉਸ ਦਾ ਨਾਇਬ ਅਤੇ ਲੱਖਪਤਿ ਰਾਏ ਨੂੰ ਦੀਵਾਨ। ਇਹ ਪ੍ਰਬੰਧ ਕਰਕੇ ਉਸ ਨੇ ਦਿੱਲੀ ਨੂੰ ਸੋਧਣ ਤੇ ਲੁੱਟਣ ਲਈ ਚਾਲੇ ਪਾ ਦਿੱਤੇ, ਪਰ ਰਸਤੇ ਵਿਚ ਨੂਰਦੀ ਸਰਾਂ ਅਤੇ ਵੈਰੋਵਾਲ ਡੇਰਾ ਕੀਤਿਆਂ, ਸਿੰਘ ਅਚਨਚੇਤ ਬਾਜ਼ ਵਾਂਗ ਆ ਪਏ। ਜੰਗੀ ਸਾਮਾਨ ਅਤੇ ਹੋਰ ਜੋ ਕੁਝ ਉਨ੍ਹਾਂ ਦੇ ਹੱਥ ਲੱਗਾ, ਖੋਹ-ਖਿੰਜ ਕੇ ਤਿੱਤਰ-ਬਿੱਤਰ ਹੋ ਗਏ। ਅਹਿਮਦ ਸ਼ਾਹ ਉਸ ਸਮੇਂ ਸਿੰਘਾਂ ਨਾਲ ਉਲਝਣ ਵਿਚ ਆਪਣੀ ਸ਼ਕਤੀ ਖੀਨ ਨਹੀਂ ਸੀ ਕਰਨਾ ਚਾਹੁੰਦਾ ਅਤੇ ਉਹ ਸਿੰਘਾਂ ਦੀ ਲੁੱਟ-ਖੋਹ ਦੀ ਪ੍ਰਵਾਹ ਨਾ ਕਰਦਾ ਹੋਇਆ ਅਗਾਂਹ ਨਿਕਲ ਗਿਆ। ਇਸ ਸਮੇਂ ਭਾਈ ਸੁੱਖਾ ਸਿੰਘ, ਸਰਦਾਰ ਚੜ੍ਹਤ ਸਿੰਘ ਤੇ ਕੁਝ ਹੋਰ ਸਰਦਾਰਾਂ ਨੇ ਆਪਣੇ ਸਾਥੀ ਸਿੰਘਾਂ ਸਮੇਤ ਕਲਾਨੌਰ ਜਾ ਡੇਰੇ ਲਾਏ।

ਸਿੰਘਾਂ ਦੇ ਇਨ੍ਹਾਂ ਹੱਲਿਆਂ ਦੀ ਖ਼ਬਰ ਲਾਹੌਰ ਪੁੱਜਣ 'ਤੇ ਦੀਵਾਨ ਲੱਖਪਤਿ ਰਾਏ ਨੇ ਸਿੰਘਾਂ ਨੂੰ ਸੋਧਣ ਲਈ ਲਾਹੌਰ ਦੇ ਹਾਕਮ ਨੂੰ ਖ਼ੂਬ ਚਮਕਾਇਆ ਅਤੇ ਮੋਮਨ ਖ਼ਾਨ ਕਸੂਰੀਏ ਦੀ ਕਮਾਨ ਹੇਠ ਦੁਰਾਨੀ ਅਤੇ ਲਾਹੌਰੀ ਫ਼ੌਜਾਂ ਕਲਾਨੌਰ ਵੱਲ ਚੜ੍ਹਾ ਭੇਜੀਆਂ।

ਇਸ ਤੋਂ ਪਹਿਲਾਂ ਕਿ ਮੋਮਨ ਖ਼ਾਨ ਦੀਆਂ ਲਾਹੌਰੀ ਫ਼ੌਜਾਂ ਤੇ ਦੁਰਾਨੀ ਫ਼ੌਜਾਂ ਮਿਲ ਕੇ ਸਿੰਘਾਂ ਨੂੰ ਘੇਰੇ ਵਿਚ ਲੈ ਲੈਣ, ਸਿੰਘ ਦਰਿਆਉਂ ਪਾਰ ਹੋ ਗਏ। ਇਹ ਦੁਰਾਨੀ ਫ਼ੌਜ ਲਾਹੌਰੋਂ ਮਾਰੋ-ਮਾਰ ਕਰਦੀ ਆਈ ਸੀ ਕਿ ਇਕ ਤਾਂ ਸਿੱਖ ਮਾਰਨ ਦਾ ਸਵਾਬ ਮਿਲੇਗਾ ਤੇ ਦੂਸਰਾ ਲਾਹੌਰੀ ਫ਼ੌਜ ਉੱਤੇ ਆਪਣੀ ਤਾਕਤ ਤੇ ਬਰਤਰੀ ਦਾ ਸਿੱਕਾ ਬਿਠਾ ਲਵੇਗੀ। ਪਰ ਸ਼ਿਕਾਰ ਹੱਥੋਂ ਨਿਕਲ ਗਿਆ ਵੇਖ ਕੇ ਅਫ਼ਗਾਨ ਬੜੇ ਤਰਲੋ-ਮੱਛੀ ਹੋਏ, ਦੰਦ ਪੀਹਣ ਲੱਗੇ। ਪਰ ਹੁਣ ਬਣ ਕੁਝ ਨਹੀਂ ਸੀ ਸਕਦਾ। ਮੋਮਨ ਖ਼ਾਨ ਸਿੱਖਾਂ ਦੀ ਖੋਹ ਤੋਂ ਵਾਕਫ਼ ਸੀ ਅਤੇ ਸਮਝਦਾ ਸੀ ਕਿ ਜੇ ਇਨ੍ਹਾਂ ਦੀ ਗ਼ੈਰਤ ਨੂੰ ਵੰਗਾਰਿਆ ਜਾਵੇ ਤਾਂ ਇਹ ਥੋੜ੍ਹਿਆਂ ਬਹੁਤਿਆਂ ਤੇ ਨਫ਼ੇ ਨੁਕਸਾਨ ਦੀਆਂ ਸੋਚਾਂ ਵਿਚਾਰਾਂ ਛੱਡ ਕੇ ਮੈਦਾਨ ਵਿਚ ਆ ਡੱਟਦੇ ਹਨ ਤੇ ਆਪਣੀ ਅਣਖ਼ 'ਤੇ ਮਰ ਮਿੱਟਦੇ ਹਨ।

ਮੋਮਨ ਖ਼ਾਨ ਨੇ ਇਹ ਮਿੱਥ ਕੇ ਅਫ਼ਗਾਨ ਅਫ਼ਸਰਾਂ ਵਲੋਂ ਸਿੰਘਾਂ ਨੂੰ ਇਕ ਚਿੱਠੀ ਲਿਖਵਾਈ ਕਿ "ਅਸੀਂ ਅਫ਼ਗਾਨ ਅਹਿਮਦ ਸ਼ਾਹ ਦੇ ਭਾਈ-ਬੰਦ ਹਾਂ। ਤੁਸੀਂ ਵੀ ਜਹਾਨ ਵਿਚ ਜੰਗਜੂ ਪ੍ਰਸਿੱਧ ਹੋ। ਅਸੀਂ ਤੁਹਾਡੇ ਨਾਲ ਜੰਗ ਵਿਚ ਹੱਥ ਵੇਖਣ ਆਏ ਸਾਂ। ਪਰ ਤੁਸੀਂ ਤਾਂ ਬਿਨ-ਲੜੇ ਹੀ ਕਾਇਰਾਂ ਵਾਂਗ ਪਹਿਲਾਂ ਹੀ ਦੌੜ ਗਏ ਹੋ। ਜੇ ਸੱਚਮੁੱਚ ਦੇ ਸਿੰਘ ਹੋ ਤਾਂ ਆਓ ਮੈਦਾਨ ਵਿਚ ਤਲਵਾਰਾਂ ਨਾਲ ਲੜੋ ਤੇ ਦਿਲਾਂ ਦੀਆਂ ਸੱਧਰਾਂ ਲਾਹ ਲਈਏ। ਜੇ ਇਸ ਤਰ੍ਹਾਂ ਨਹੀਂ ਲੜਨਾ ਤਾਂ ਇਕ ਦੁਰਾਨੀ ਨਾਲ ਦੋ-ਦੋ ਸਿੰਘ ਹੋ ਕੇ ਲੜ ਲਓ। ਬਾਕੀ ਸਾਡੀ ਸਾਰੀ ਫ਼ੌਜ ਦੂਰ ਖੜ੍ਹੀ ਦੇਖਦੀ ਰਹੇਗੀ। ਖ਼ੁਦਾ ਗਵਾਹ ਹੈ, ਅਸੀਂ ਆਪਣੇ ਹਰਫ਼ 'ਤੇ ਕਾਇਮ ਰਹਾਂਗੇ, ਸਾਡੇ ਵਲੋਂ ਕੋਈ ਦਗ਼ਾ ਨਹੀਂ ਹੋਵੇਗਾ। ਜੇ ਲੜ ਨਹੀਂ ਸਕਦੇ ਤਾਂ ਸਿੰਘ ਨਾਮ ਤੇ ਸ਼ਸਤਰ ਛੱਡ ਕੇ ਘਰਾਂ ਨੂੰ ਜਾਓ, ਖੇਤੀ ਵਾਹੀ ਕਰੋ ਤੇ ਜੱਟ ਸਦਵਾਉ।"

ਦੁਰਾਨੀਆਂ ਦੀ ਇਹ ਵੰਗਾਰ ਸਿੰਘਾਂ ਵਿਚਦੀ ਤਾਰ ਵਾਂਗ ਫ਼ਿਰ ਗਈ। ਅੱਗੋਂ ਸਿੰਘਾਂ ਨੇ ਉੱਤਰ ਭੇਜਿਆ, ਤੁਹਾਡੇ ਸਾਡੇ ਜੰਗ ਦਾ ਸੁਆਦ ਤਾਂ ਹੈ ਕਿ ਤੁਹਾਡੇ ਵਲੋਂ ਦਸ ਦੁਰਾਨੀ ਬੰਦੂਕਾਂ ਤਲਵਾਰਾਂ ਲੈ ਕੇ ਆਉਣ, ਇੱਧਰੋਂ ਕੇਵਲ ਪੰਜ ਭੁਜੰਗੀ ਸਿੰਘ ਰਾਮ-ਜੰਗੇ ਤੇ ਢਾਲਾਂ ਤਲਵਾਰਾਂ ਲੈ ਕੇ ਟਾਕਰੇ ਲਈ ਨਿੱਤਰਨਗੇ, ਕਿਉਂਕਿ ਸਾਨੂੰ ਸਾਡੇ ਸਤਿਗੁਰੂ ਜੀ ਦਾ ਹੁਕਮ ਹੈ ਕਿ ਸਵਾ ਲੱਖ ਤੁਰਕ ਨਾਲ ਇਕ ਸਿੰਘ ਨੂੰ ਲੜਾਉਣਾ ਹੈ, ਪਰ ਉਹ ਸਮਾਂ ਅਜੇ ਆਇਆ ਨਹੀਂ।"

ਅਫ਼ਗਾਨਾਂ ਨੇ ਅੱਗੋਂ ਉੱਤਰ ਘੱਲਿਆ ਕਿ ਸਾਨੂੰ ਬੰਦੂਕਾਂ ਦੀ ਲੜਾਈ ਪ੍ਰਵਾਨ ਨਹੀਂ, ਅਸੀਂ ਸਿਰਫ਼ ਸ਼ਮਸ਼ੀਰਾਂ-ਤਲਵਾਰਾਂ ਨਾਲ ਹੀ ਲੜਨਾ ਚਾਹੁੰਦੇ ਹਾਂ।

ਸਿੰਘਾਂ ਵੀ ਅੱਗੋਂ ਜਵਾਬ ਘਲਾਇਆ ਕਿ ਅਸੀਂ ਤਾਂ ਬੰਦੂਕਾਂ ਦੀ ਲੜਾਈ ਲੜਾਂਗੇ। ਤੁਸਾਂ ਲੜਾਈ ਦੀ ਖ਼ਾਹਿਸ਼ ਜ਼ਾਹਰ ਕੀਤੀ ਹੈ, ਆਓ ਨਜ਼ਾਰੇ ਵੇਖ ਲਈਏ।

ਪਰ ਗੱਲ ਕਿਸੇ ਸਿਰੇ ਨਾ ਲੱਗੀ। ਸਿੰਘ ਬੰਦੂਕਾਂ ਦੀ ਲੜਾਈ 'ਤੇ ਅੜੇ ਰਹੇ, ਤੇ ਦੁਰਾਨੀ ਸਿਰਫ਼ ਤਲਵਾਰਾਂ ਨਾਲ ਲੜਨਾ ਚਾਹੁੰਦੇ ਸਨ। ਵਿਚੋਂ ਅਸਲ ਗੱਲ ਇਹ ਸੀ ਕਿ ਅਫ਼ਗਾਨਾਂ ਦੇ ਪਿੰਡਿਆਂ 'ਤੇ ਜ਼ਰਹ-ਬਕਤਰਾਂ ਪਾਈਆਂ ਹੋਈਆਂ ਸਨ ਤੇ ਸਿਰਾਂ 'ਤੇ ਲੋਹੇ ਦੇ ਖੋਦ ਸਨ। ਤੇਜ਼ ਲੋਹੇ ਦੀਆਂ ਸੁਥਣੀਆਂ ਚਾੜ੍ਹੀਆਂ ਹੋਈਆਂ ਸਨ। ਉਹ ਸਿਰਾਂ ਤੋਂ ਲੈ ਕੇ ਪੈਰਾਂ ਤੱਕ ਲੋਹੇ ਵਿਚ ਮੜ੍ਹੇ ਹੋਏ

ਸਨ। ਦੂਜੇ ਪਾਸੇ ਸਿੰਘਾਂ ਦੇ ਤਨ 'ਤੇ ਕੱਪੜਾ ਵੀ ਪੂਰਾ ਕਿਸੇ ਦੇ ਹੀ ਸੀ। ਸੰਜੋਅ ਚਿਲਤਾ ਤੇ ਖੋਦ ਸ਼ਾਇਦ ਕਿਸੇ ਇਕ ਅੱਧੇ ਪਾਸ ਹੋਵੇ।

ਦੁਰਾਨੀ ਮੁੜ-ਮੁੜ ਤਲਵਾਰਾਂ ਦੀ ਲੜਾਈ 'ਤੇ ਜ਼ੋਰ ਦੇ ਰਹੇ ਸਨ। ਦੂਜੇ ਪਾਸੇ ਸਿੰਘਾਂ ਦੇ ਬੰਦੂਕਾਂ ਦੇ ਨਿਸ਼ਾਨੇ ਦੀ ਦੂਰ-ਦੂਰ ਤੱਕ ਧੁੰਮ ਪਈ ਹੋਈ ਸੀ, ਜਿਸ ਦਾ ਜ਼ਿਕਰ ਸੱਯਦ ਗੁਲਾਮ ਅਲੀ ਆਪਣੀ ਪ੍ਰਸਿਧ ਪੁਸਤਕ, "ਇਮਾਦੁ ਸਆਦਤ" ਵਿਚ ਕਰਦਾ ਹੋਇਆ ਲਿਖਦਾ ਹੈ ਕਿ "........ ਉਨ੍ਹਾਂ (ਸਿੰਘਾਂ) ਦੀ ਬੰਦੂਕ ਨੌਂ ਸੌ ਕਦਮ 'ਤੇ ਜਾ ਖ਼ਬਰ ਲੈਂਦੀ ਹੈ" ਸਿੰਘਾਂ ਦੇ ਇਸ ਵਸਫ਼ ਨੇ ਦੁਰਾਨੀਆਂ ਦੇ ਦਿਲਾਂ 'ਤੇ ਬਹੁਤ ਦਹਿਸ਼ਤ ਬਿਠਾਈ ਹੋਈ ਸੀ। ਇਹੋ ਕਾਰਨ ਸੀ ਕਿ ਉਹ ਬੰਦੂਕਾਂ ਨਾਲ ਲੜਾਈ ਵਾਲੇ ਪਾਸੇ ਨਹੀਂ ਸਨ ਆਉਂਦੇ।

ਅਗਲੇ ਦਿਨ ਇਕ ਅੱਖੜ੍ਹ ਜਿਹਾ ਹਰਕਾਰਾ ਆਇਆ ਤੇ ਬੜੀ ਕੁਰੱਖਤ ਬੋਲੀ ਵਿਚ ਕਹਿਣ ਲੱਗਾ ਕਿ ਜੇ ਤੁਹਾਡੇ ਵਿਚ ਕੋਈ ਦਾੜ੍ਹੀ-ਮੁੱਛ ਵਾਲੇ ਮਰਦ ਹਨ ਤਾਂ ਇਕੱਲਾ-ਇਕੱਲਾ ਆ ਕੇ ਤਲਵਾਰ ਨਾਲ ਹੱਥ ਕਰ ਵੇਖੋ। ਤੁਸੀਂ ਗੁਰੂ ਦੇ ਸਿੰਘ ਅਖਵਾਉਂਦੇ ਹੋ, ਤੁਹਾਨੂੰ ਗੁਰੂ ਦੀ ਸਹੁੰ ਹੈ ਜੇ ਤੁਸੀਂ ਸਾਡੇ ਨਾਲ ਜਵਾਨਾਂ ਵਾਂਗ ਹੱਥ ਕਰਕੇ ਨਿਤਾਰਾ ਨਾ ਕਰੋ। ਫਿਰ ਉਸ ਨੇ ਇਕੱਲੇ-ਇਕੱਲੇ ਸਿੰਘ ਦਾ ਨਾਂਅ ਲੈ ਕੇ ਧੁਤਕਾਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਦੇ ਸਿੰਘ ਬਣ ਕੇ ਬਾਣੇ ਨੂੰ ਲਾਜ ਲਾ ਰਹੇ ਹੋ। ਤੁਹਾਡੀ ਇਸ ਸੂਰਮਗਤੀ ਖੁਣੋਂ ਕੀ ਥੁੜ੍ਹਿਆ ਪਿਆ ਹੈ। ਸ਼ਸਤਰ ਛੱਡ ਕੇ ਘਰਾਂ ਨੂੰ ਤੁਰ ਜਾਉ। ਆਪਣੇ ਪੁਰਖਿਆਂ ਦੇ ਨਾਂਅ ਨੂੰ ਲਾਜ ਨਾ ਲਾਉ।"

ਇਹ ਸੁਣ ਕੇ ਸਰਦਾਰ ਚੜ੍ਹਤ ਸਿੰਘ ਨੂੰ ਰੋਹ ਚੜ੍ਹ ਗਿਆ। ਉਸ ਦਾ ਸਰੀਰ ਤਾਂਬੇ ਵਾਂਗ ਭੱਖ ਉਠਿਆ। ਬੰਦੂਕ ਪਰ੍ਹਾਂ ਰੱਖ, ਖੰਡਾ ਸੂਤ ਕੇ ਦੁਰਾਨੀਆਂ ਦੇ ਟਾਕਰੇ ਲਈ ਤੁਰ ਪਿਆ ਤੇ ਹਰਕਾਰੇ ਨੂੰ ਆਖਿਆ, "ਜਾਹ ਲਿਆ ਆਪਣੀ ਫ਼ੌਜ 'ਚੋਂ, ਜਿਸ ਨੂੰ ਸਭ ਤੋਂ ਵੱਡਾ ਸੂਰਮਾ ਮਿੱਥੀ ਬੈਠੇ ਹੋ।"

ਜਦ ਭਾਈ ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਸਰਦਾਰ ਚੜ੍ਹਤ ਸਿੰਘ ਨੂੰ ਦੁਰਾਨੀਆਂ ਵੱਲ ਇਸ ਤਰ੍ਹਾਂ ਤਿਆਰ ਹੋ ਤੁਰਿਆ ਦੇਖਿਆ ਤਾਂ ਉਸ ਨੇ ਘੋੜਾ ਛੇੜ ਕੇ ਉਸ ਨੂੰ ਜਾ ਰੋਕਿਆ ਤੇ ਆਖਿਆ, "ਸਿੰਘਾ, ਤੂੰ ਅਜੇ ਚੜ੍ਹਦੀ ਉਮਰ ਦਾ ਮੁੰਡਾ ਹੈਂ। ਰੋਹ, ਬਲ ਦੇ ਨਾਲ ਤਜਰਬੇ ਦੀ ਵੀ ਲੋੜ ਹੈ। ਇਨ੍ਹਾਂ ਦੁਰਾਨੀਆਂ ਵਿਚੋਂ ਹਰ ਕੋਈ ਤੇਰੇ ਨਾਲੋਂ ਚੌਗੁਣੀ ਤਾਕਤ ਦਾ ਮਾਲਕ ਹੈ। ਹਰ ਕੋਈ ਸੰਜੋਆਂ ਜ਼ਰਹ ਬਕਤਰਾਂ ਨਾਲ ਮੜ੍ਹਿਆ ਹੋਇਆ ਹੈ। ਸਰੀਰ ਦਾ ਕੋਈ ਹਿੱਸਾ ਨੰਗਾ



ਨਹੀਂ। ਸ਼ਾਇਦ ਇਨ੍ਹਾਂ ਦੀਆਂ ਸੰਜੋਆਂ ਦੀ ਤੂੰ ਇਕ ਕੜੀ ਵੀ ਨਾ ਤੋੜ ਸਕੇਂ। ਦੁਰਾਨੀ ਸਿਪਾਹੀ ਤਾਂ ਇਕ ਪਾਸੇ ਰਹੇ, ਇਨ੍ਹਾਂ ਦੇ ਘੋੜੇ ਵੀ ਲੋਹੇ ਨਾਲ ਮੜ੍ਹੇ ਹੋਏ ਹਨ। ਇਸ ਬਲ 'ਤੇ ਹੀ ਤਾਂ ਇਹ ਤਲਵਾਰ ਦੀ ਲੜਾਈ ਲਈ ਜ਼ੋਰ ਦੇ ਰਹੇ ਹਨ। ਸਾਡੇ ਪਾਸ ਸੰਜੋਆ ਹੈ ਕੋਈ ਨਹੀਂ।"

ਸਰਦਾਰ ਚੜ੍ਹਤ ਸਿੰਘ ਨੇ ਉੱਤਰ ਦਿੱਤਾ, "ਮੈਂ ਮੰਨਦਾ ਹਾਂ ਕਿ ਮੈਂ ਬਾਲਕ ਹਾਂ, ਮੈਨੂੰ ਬਹੁਤਾ ਤਜਰਬਾ ਨਹੀਂ, ਦੁਰਾਨੀ ਤਕੜੇ ਵੀ ਹਨ ਤੇ ਸੰਜੋਆਂ ਵਿਚ ਡੁੱਬੇ ਹੋਏ ਹਨ। ਪਰ ਮੈਂ ਜੀਉਂਦੇ ਜੀਅ ਪੰਥ ਦੀ ਹਾਨੀ ਵਾਲੇ ਸ਼ਬਦ ਆਪਣੇ ਕੰਨਾਂ ਨਾਲ ਨਹੀਂ ਸੁਣ ਸਕਦਾ। ਪੰਥ ਦੀ ਸ਼ਾਨ ਲਈ ਲੜ ਕੇ ਮਰ ਜਾਣਾ ਮੈਂ ਚੰਗਾ ਸਮਝਦਾ ਹਾਂ। ਜਿੱਤ-ਹਾਰ ਜਾਂ ਮਰਨਾ-ਮਾਰਨਾ ਸਤਿਗੁਰੂ ਦੇ ਹੱਥ ਹੈ, ਪਰ ਸਾਹਸ ਤੇ ਉੱਦਮ ਕਰਨਾ ਤਾਂ ਸਿੰਘ ਦਾ ਧਰਮ ਹੈ। ਮੈਂ ਸਿੰਘਾਂ ਵਿਚ ਜੰਮ-ਪਲ ਕੇ ਸਿੰਘ ਸਜਿਆ ਹਾਂ। ਸਿੰਘਾਂ ਨੂੰ ਵੰਗਾਰ ਕੇ ਇਹ ਦੁਰਾਨੀ ਜਾਣਗੇ ਕਿੱਥੇ ? ਤੁਸੀਂ ਜ਼ਰਾ ਜਲਵਾ ਵੇਖੋ। ਸਤਿਗੁਰੂ ਦੀ ਕਿਰਪਾ ਨਾਲ ਮੈਂ ਟਾਕਰੇ ਲਈ ਆਏ ਦੁਰਾਨੀ ਦੇ ਸੰਜੋਆਂ ਸਮੇਤ ਪੁਰਜ਼ੇ ਉਡਾ ਦਿਆਂਗਾ। ਭਰੋਸਾ ਰੱਖੋ, ਮੈਂ ਪੰਥ ਦੀ ਸ਼ਾਨ ਨੂੰ ਵੱਟਾ ਨਹੀਂ ਲੱਗਣ ਦੇਂਦਾ।"

ਇਹ ਸੁਣ ਕੇ ਭਾਈ ਸੁਖਾ ਸਿੰਘ ਗਦ-ਗਦ ਹੋ ਗਿਆ। ਆਖਿਆ, "ਮੁੰਡਿਆ, ਤੈਥੋਂ ਬਲਿਹਾਰ ਹਾਂ। ਤੂੰ ਧੰਨ ਹੈਂ। ਪਰ ਤੂੰ ਹੁਣ ਖੜੋ ਕੇ ਨਜ਼ਾਰਾ ਤੱਕ ਅਤੇ ਦੁਰਾਨੀ ਨਾਲ ਸਾਡੀ ਚਾਲ ਤੇ ਹੱਥ ਵੇਖ।" ਭਾਈ ਸੁੱਖਾ ਸਿੰਘ ਨੇ ਇੰਜ ਚੜ੍ਹਤ ਸਿੰਘ ਨੂੰ ਰੋਕ ਕੇ ਆਪ ਸੰਜੋਅ

ਦੁਰਾਨੀ ਮੁੜ-ਮੁੜ ਤਲਵਾਰਾਂ ਦੀ ਲੜਾਈ 'ਤੇ ਜ਼ੋਰ ਦੇ ਰਹੇ ਸਨ। ਦੂਜੇ ਪਾਸੇ ਸਿੰਘਾਂ ਦੇ ਬੰਦੂਕਾਂ ਦੇ ਨਿਸ਼ਾਨੇ ਦੀ ਦੂਰ-ਦੂਰ ਤੱਕ ਧੁੰਮ ਪਈ ਹੋਈ ਸੀ, ਜਿਸ ਦਾ ਜ਼ਿਕਰ ਸੱਯਦ ਗੁਲਾਮ ਅਲੀ ਆਪਣੀ ਪ੍ਰਸਿੱਧ ਪੁਸਤਕ, "ਇਮਾਦੁ ਸਆਦਤ" ਵਿਚ ਕਰਦਾ ਹੋਇਆ ਲਿਖਦਾ ਹੈ ਕਿ "........ ਉਨ੍ਹਾਂ (ਸਿੰਘਾਂ) ਦੀ ਬੰਦੂਕ ਨੌਂ ਸੌ ਕਦਮ 'ਤੇ ਜਾ ਖ਼ਬਰ ਲੈਂਦੀ ਹੈ" ਸਿੰਘਾਂ ਦੇ ਇਸ ਵਸਫ਼ ਨੇ ਦੁਰਾਨੀਆਂ ਦੇ ਦਿਲਾਂ 'ਤੇ ਬਹੁਤ ਦਹਿਸ਼ਤ ਬਿਠਾਈ ਹੋਈ ਸੀ। ਇਹੋ ਕਾਰਨ ਸੀ ਕਿ ਉਹ ਬੰਦੂਕਾਂ ਨਾਲ ਲੜਾਈ ਵਾਲੇ ਪਾਸੇ ਨਹੀਂ ਸਨ ਆਉਂਦੇ। ਅਗਲੇ ਦਿਨ ਇਕ ਅੱਖੜ੍ਹ ਜਿਹਾ ਹਰਕਾਰਾ ਆਇਆ ਤੇ ਬੜੀ ਕੁਰੱਖਤ ਬੋਲੀ ਵਿਚ ਕਹਿਣ ਲੱਗਾ ਕਿ ਜੇ ਤੁਹਾਡੇ ਵਿਚ ਕੋਈ ਦਾੜ੍ਹੀ-ਮੁੱਛ ਵਾਲੇ ਮਰਦ ਹਨ ਤਾਂ ਇਕੱਲਾ-ਇਕੱਲਾ ਆ ਕੇ ਤਲਵਾਰ ਨਾਲ ਹੱਥ ਕਰ ਵੇਖੋ।

ਅਤੇ ਫ਼ੌਲਾਦੀ ਦਸਤਾਨ ਸਜਾਏ। ਸਿਰ 'ਤੇ ਖੋਦ ਟਿਕਾਈ।

ਘੋੜੇ 'ਤੇ ਉਹ ਪਾਖਰ ਪਾਈ, ਜੋ ਗਿਲਜ਼ਈਆਂ ਪਾਸੋਂ ਖੋਹੀ ਹੋਈ ਸੀ। ਪੇਸ਼ਕਬਜ਼ ਤੇ ਦੋ ਸਰੋਹੀਆਂ ਗਾਤਰੇ ਸਜਾ ਕੇ ਢਾਲ ਲੈ ਕੇ ਤਿਆਰ ਹੋ ਗਿਆ। ਪੰਜਾਂ ਸਿੰਘਾਂ ਨੇ ਅਰਦਾਸ ਕੀਤੀ। ਭਾਈ ਸੁੱਖਾ ਸਿੰਘ ਨੇ ਮੱਥਾ ਟੇਕ ਕੇ ਚਾਲੇ ਪਾ ਦਿੱਤੇ। ਘੋੜਾ ਛੇੜ ਕੇ ਸੰਨ੍ਹ ਵਾਲੀ ਪਾਣੀ ਦੀ ਫਾਟ ਲੰਘ ਕੇ ਦਰਿਆ ਦੀ ਬਰੇਤੀ 'ਤੇ ਜਾ ਦੁਰਾਨੀਆਂ ਨੂੰ ਲਲਕਾਰਿਆ।

ਮਿਥਿਆ ਇਹ ਗਿਆ ਸੀ ਕਿ ਲੜਾਈ ਦਰਿਆ ਵਿਚਕਾਰ ਪਈ ਬਰੇਤੀ ਉੱਤੇ ਹੋਵੇਗੀ। ਦੋਵੇਂ ਧਿਰਾਂ ਕੰਢਿਆਂ 'ਤੇ ਖੜੋ ਕੇ ਆਪਣੇ-ਆਪਣੇ ਸੂਰਮੇ ਨੂੰ ਲੜਦਾ ਵੇਖਣਗੀਆਂ। ਕੋਈ ਅੱਗੇ ਹੋ ਕੇ ਦਖ਼ਲ ਨਹੀਂ ਦੇਵੇਗਾ। ਜਿੱਤ-ਹਾਰ ਇਕ ਧਿਰ ਦੀ ਮੌਤ ਨਾਲ ਹੋਵੇਗੀ।

ਦੁਰਾਨੀਆਂ ਵਾਲੇ ਪਾਸਿਓਂ ਇਕ ਮੁਨਾਰੇ ਵਰਗਾ ਡਾਢਾ ਜਵਾਨ ਸੰਜੋਅ ਖੋਦ ਨਾਲ ਢੱਕਿਆ ਹੋਇਆ, "ਯਾ ਅਲੀ, ਯਾ ਅਲੀ", ਦੇ ਨਾਅਰੇ ਮਾਰਦਾ ਹੋਇਆ ਘੋੜਾ ਭਜਾ ਕੇ ਬਰੇਤੀ 'ਤੇ ਆ ਨਿੱਤਰਿਆ। ਤੇ ਆਉਂਦੇ ਸਾਰ ਹੀ ਭਾਈ ਸੁੱਖਾ ਸਿੰਘ ਉੱਤੇ ਟੁੱਟ ਪਿਆ। ਲੜਾਈ ਸ਼ੁਰੂ ਹੋ ਗਈ। ਦੋਹਾਂ ਦਾ ਬਰਾਬਰ ਦਾ ਜੋੜ ਸੀ। ਵਦਾਨਾਂ ਵਾਂਗ ਢਾਲਾਂ ਉੱਤੇ ਸੱਟਾਂ ਪੈਣ ਲੱਗੀਆਂ। ਜਦ ਬਿਜਲੀ ਵਾਂਗ ਲਿਸ਼ਕਦੀਆਂ ਤੇਗਾਂ ਆਪੋ ਵਿਚ ਟਕਰਾਉਂਦੀਆਂ ਤਾਂ ਚੰਗਿਆੜੇ ਝੜ-ਝੜ ਪੈਂਦੇ। ਲੜਦੇ-ਲੜਦੇ ਦੋਵੇਂ ਸੂਰਮੇ ਜ਼ਖ਼ਮੀ ਹੋ ਗਏ। ਉਨ੍ਹਾਂ ਦੇ ਘੋੜੇ ਵੀ ਜ਼ਖ਼ਮਾਂ ਤੇ ਥਕੇਵੇਂ ਨਾਲ ਚੂਰ ਹੋ ਚੁੱਕੇ ਸਨ।

ਇਕ ਵਾਰ ਲੜਦੇ ਹੋਏ ਦੋਵੇਂ ਯੋਧੇ ਇੰਨੇ ਲਾਗੇ ਹੋ ਗਏ ਕਿ ਜੱਫੋ-ਜੱਫ਼ੀ ਹੋਏ ਜ਼ਮੀਨ 'ਤੇ ਆ ਡਿੱਗੇ। ਇਸ ਵੇਲੇ ਭਾਈ ਸੁੱਖਾ ਸਿੰਘ ਨੇ ਦੁਰਾਨੀ ਉੱਤੇ ਇਕ ਦਾਅ ਭਰ ਲਿਆ। ਉਸ ਨੇ ਆਪਣੀ ਗਿੱਚੀ ਉਠਾਈ ਤੇ ਦੁਰਾਨੀ ਦੀ ਸੰਜੋਅ ਚੁੱਕ ਕੇ ਕਟਾਰ ਉਸ ਦੇ ਢਿੱਡ ਵਿਚ ਖੋਭ ਦਿੱਤੀ। ਦੁਰਾਨੀ ਨੂੰ ਮਾਰ ਮੁਕਾ ਕੇ ਭਾਈ ਸੁੱਖਾ ਸਿੰਘ ਨੇ ਗੱਜ ਕੇ ਫ਼ਤਹਿ ਬੁਲਾਈ।

ਜੈਕਾਰਾ ਛੁਟਣ ਦੀ ਦੇਰ ਸੀ ਕਿ ਸਾਹਮਣੇ ਮਰੇ ਪਏ ਸਾਥੀ ਨੂੰ ਵੇਖ ਕੇ ਗੁੱਸੇ ਵਿਚ ਆਏ ਦੁਰਾਨੀਆਂ ਨੇ ਹੱਲਾ ਬੋਲ ਦਿੱਤਾ। ਰੱਬ ਨੂੰ ਗਵਾਹ ਮੰਨਿਆ ਸੀ, ਸੋ ਸਭ ਭੁੱਲ ਗਏ। ਸਿੰਘ ਵੀ ਤਿਆਰ-ਬਰ-ਤਿਆਰ ਖੜ੍ਹੇ ਸਨ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਅਫ਼ਗ਼ਾਨ ਆਪਣੇ ਬੋਲ ਤੇ ਕਸਮ ਦੇ ਕਿੰਨੇ ਕੁ ਪੱਕੇ ਹੁੰਦੇ ਹਨ।

ਸਰਦਾਰ ਚੜ੍ਹਤ ਸਿੰਘ ਘੋੜਾ ਭਜਾ ਕੇ ਬਿਜਲੀ ਵਾਂਗ ਗਿਆ ਤੇ ਭਾਈ ਸੁੱਖਾ ਸਿੰਘ ਨੂੰ ਬਾਹੋਂ ਫ਼ੜ ਕੇ ਘੋੜੇ 'ਤੇ ਚੜ੍ਹਾ ਉਰਾਰ ਸਿੰਘਾਂ ਪਾਸ ਲੈ ਆਇਆ।

ਜਿਹੜੇ ਦੁਰਾਨੀ ਹੱਲਾ ਕਰਕੇ ਅੱਗੇ ਵਧੇ ਸਨ, ਉਨ੍ਹਾਂ ਨਾਲ ਸਿੰਘ ਜੁਟ ਗਏ ਤੇ ਮਾਰ-ਮਾਰ ਕੇ ਉਨ੍ਹਾਂ ਨੂੰ ਪਿਛਾਂਹ ਹਟਾ ਦਿੱਤਾ। (ਸ. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ : ੨੫੦-੨੫੫) ਦੁਰਾਨੀਆਂ ਦਾ ਐਸਾ ਹੰਕਾਰ ਟੁੱਟਾ ਕਿ ਫ਼ਿਰ ਕਦੀਂ ਸਿੰਘਾਂ ਨੂੰ ਵੰਗਾਰ ਕੇ ਐਸੀ ਖੇਡ ਖੇਡਣ ਦਾ ਉਨ੍ਹਾਂ ਦਾ ਹੌਂਸਲਾ ਨਹੀਂ ਪਿਆ। ਸੰਨ ੧੮੪੨ ਈਸਵੀ ਤੱਕ ਸਿੰਘ ਤੇ ਪਠਾਣਾਂ ਦੀ ਤਲਵਾਹੀ ਖਹਿ ਮਖਹਿ ਹੁੰਦੀ ਰਹੀ। ਪਰ ਕੀ ਮਜਾਲ ਜੁ ਫਿਰ ਕਦੀ ਇੰਜ ਵੰਗਾਰਨ ਦਾ ਕਿਸੇ ਨੂੰ ਸੁਪਨਾ ਵੀ ਆਇਆ ਹੋਵੇ।▪▪

# ਤਪੈ ਧਰਮੁ ਹਾਰਿਆ

**ਭਾਈ ਜੋਗਿੰਦਰ ਸਿੰਘ ਜੀ ਤਲਵਾੜਾ**

ਗੋਇੰਦਵਾਲ ਸਾਹਿਬ ਵਿਖੇ ਜਦੋਂ ਬਾਉਲੀ ਬਣ ਕੇ ਤਿਆਰ ਹੋ ਗਈ ਤਾਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਵੱਡੇ ਪੱਧਰ 'ਤੇ ਸਤਿਸੰਗ ਸਮਾਗਮ ਕੀਤਾ ਗਿਆ, ਜਿਸ ਵਿਚ ਦੂਰੋਂ-ਦੂਰੋਂ ਸੰਗਤਾਂ ਇਕੱਠੀਆਂ ਹੋਈਆਂ।

ਸੰਗਤਾਂ ਲਈ ਗੁਰੂ ਕਾ ਲੰਗਰ ਤਾਂ ਸਦਾ ਹੀ ਚਾਲੂ ਰਹਿੰਦਾ ਸੀ। ਜਾਤਿ-ਅਭਿਮਾਨੀਆਂ ਦਾ ਪਾਜ ਉਘੇੜਨ ਲਈ ਇਸ ਸਮੇਂ ਗੁਰੂ ਅਮਰਦਾਸ ਜੀ ਵਲੋਂ ਇਕ ਸੁਆਦਲਾ ਢੰਗ ਵਰਤਿਆ ਗਿਆ। ਗੁਰੂ ਜੀ ਵਲੋਂ ਖੁੱਲੀ ਸੂਚਨਾ ਦਿੱਤੀ ਗਈ ਕਿ ਜਿਹੜਾ ਕੋਈ ਵਿਅਕਤੀ ਗੁਰੂ ਕੇ ਲੰਗਰ ਵਿਚੋਂ ਛਕੇਗਾ ਉਸ ਨੂੰ ਇਕ ਰੁਪਿਆ (ਉਸ ਸਮੇਂ ਰੁਪਏ ਦੀ ਬੜੀ ਮਹਾਨਤਾ ਸੀ) ਦੱਛਣਾ ਵਜੋਂ ਮਿਲੇਗਾ। ਬਹੁਤ ਸਾਰੇ ਉੱਚੀ ਜਾਤ ਦੀਆਂ ਟਾਹਰਾਂ ਮਾਰਨ ਵਾਲੇ ਪਾਖੰਡੀ ਸਵਾਦਲੇ ਪਦਾਰਥਾਂ ਤੇ ਦੱਛਣਾ ਦੀ ਮੋਟੀ ਰਕਮ ਦੇ ਲਾਲਚ ਵਿਚ ਆ ਕੇ ਲੰਗਰ ਵਿਚ ਪ੍ਰਸ਼ਾਦਾ ਛਕ ਗਏ। ਗੋਇੰਦਵਾਲ ਵਿਚ ਇਕ ਤਪਾ ਰਹਿੰਦਾ ਸੀ। ਉਸ ਨੇ ਆਪਣੀ ਪ੍ਰਭੁਤਾ ਦਾ ਬੜਾ ਪਰਪੰਚ ਰਚਿਆ ਹੋਇਆ ਸੀ। ਲੋਕਾਂ ਵਿਚ ਆਪਣੇ ਚੇਲਿਆਂ ਦੁਆਰਾ ਵੱਡਾ ਕਰਾਮਾਤੀ ਹੋਣਾ ਧੁਮਾ ਰੱਖਿਆ ਸੀ, ਪਰ ਅੰਦਰੋਂ ਸੱਖਣਾ ਹੀ ਸੀ। ਗੁਰੂ ਮਹਾਰਾਜ ਵਲੋਂ ਸਰਬੱਤ ਪ੍ਰਾਣੀ ਮਾਤ੍ਰ ਲਈ ਲੰਗਰ ਦੀ ਚਲਦੀ ਰੀਤੀ ਨੂੰ ਸ਼ਾਸਤਰਾਂ ਦੇ ਵਿਰੁੱਧ ਦੱਸ ਕੇ ਇਹ ਤਪਾ ਜਾਤ-ਅਭਿਮਾਨੀ ਬ੍ਰਾਹਮਣਾਂ ਅਤੇ ਖੱਤਰੀਆਂ ਨੂੰ ਚੁੱਕ-ਚੁਕਾਈ ਕਰਦਾ ਰਹਿੰਦਾ ਸੀ।

ਤਪਾ ਲੋਕ-ਲਾਜ ਕਾਰਨ ਲੰਗਰ ਛਕਣ ਨਾ ਆਇਆ। ਗੁਰੂ ਪਾਤਿਸ਼ਾਹ ਨੇ ਦੱਛਣਾ ਦੀ ਰਕਮ ਵਧਾ ਕੇ ਇਕ ਮੋਹਰ ਕਰ ਦਿੱਤੀ ਤਾਂ ਤਪਾ ਲੋਭ-ਲਹਿਰ ਵਿਚ ਵਹਿ ਗਿਆ। ਆਪ ਭਾਵੇਂ ਨਾ ਆਇਆ, ਪਰ ਆਪਣਾ ਪੁੱਤਰ ਭੇਜ ਦਿੱਤਾ। ਪਰ ਜਿਸ ਵੇਲੇ ਉਹ ਪੁੱਜਾ, ਪੰਗਤਾਂ ਲੱਗ ਚੁੱਕੀਆਂ ਸਨ ਤੇ ਦਰਵਾਜ਼ੇ ਬੰਦ ਸਨ। ਲੋਭ ਲਹਿਰ ਵਿਚ ਹਲਕਾਏ ਹੋਏ ਨੇ ਪੁੱਤਰ ਨੂੰ ਪੁੱਠੇ ਪਾਸਿਓਂ ਕੋਠਿਓਂ ਟਪਾ ਕੇ ਅੰਦਰ ਭੇਜ ਦਿੱਤਾ। ਵਿਚਾਰੇ ਦੀ ਕੋਠਾ ਟੱਪਦਿਆਂ ਲੱਤ ਟੁੱਟ ਗਈ। ਇਹ ਘਟਨਾ ਸਾਰੇ ਨਗਰ ਵਿਚ ਧੁੰਮ ਗਈ। ਨਗਰ ਦੇ ਮੁਖੀ ਲੋਕਾਂ ਨੂੰ ਜਦੋਂ ਪਤਾ ਲੱਗਾ ਤਾਂ ਤਪੇ ਦੀ ਕਰਤੂਤ 'ਤੇ ਬੜੇ ਹੱਸੇ। ਤਪੇ ਦੀ ਅਸਲੀਅਤ ਉਘੜ ਗਈ ਤੇ ਸਾਰਿਆਂ ਨੇ ਉਸ 'ਤੇ ਫ਼ਿਟਕਾਰਾਂ ਪਾਈਆਂ। ਵਾਰ ਗਉੜੀ ਵਿਚ ਗੁਰੂ ਰਾਮਦਾਸ ਜੀ ਨੇ ਇਸ ਬਿਰਤਾਂਤ ਵੱਲ ਇਉਂ ਸੰਕੇਤ ਕੀਤਾ ਹੈ-

**ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥**
**ਅਗੋਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥**
**ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥**
**ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥**
**ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥**
**ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤਿ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ ॥**
**ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥**
**ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥**
**ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥**
**ਧਰਮਰਾਇ ਜਮ ਕੰਕਰਾ ਨੋ ਆਖਿ ਛਡਿਆ**
**ਏਸੁ ਤਪੇ ਨੋ ਤਿਥੈ ਖੜਿ ਪਾਇਅਹੁ ਜਿਥੈ ਮਹਾ ਮਹਾਂ ਹਤਿਆਰਿਆ ॥**
**ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ ॥**
**ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥**
**ਸੋ ਬੂਝੈ ਜੁ ਦਯਿ ਸਵਾਰਿਆ ॥੧॥ ( ॥੩੦॥)**
**(ਸਲੋਕ ਮ. ੪, ਅੰਕ : ੩੧੫)** ▪▪

# ਸਾਂਝੀ ਵਿਦਿਆ ਦੇ ਔਗੁਣ ਤੇ ਪਿਆਰ-ਵਿਆਹਾਂ ਦੀ ਵਬਾ

**ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ**

ਪਤਾ ਨਹੀਂ ਅਜਿਹੇ ਸਿਖ ਆਸ਼੍ਰਮਾਂ ਦੀ ਭਰਮਾਰ ਦਾ ਸਿਖ ਕੌਮ ਨੂੰ ਕੀ ਫ਼ਖ਼ਰ ਹੈ, ਜਿਨ੍ਹਾਂ ਵਿਚੋਂ ਨਾਸਤਕ, ਦਹਿਰੀਅਤ ਵਾਲੇ ਬਿਗੜਸ਼ਕਲੀਏ ਬੇਮੁਖ ਸਿਖ ਉਤਪੰਨ ਹੁੰਦੇ ਹਨ। ਕਿਉਂ ਪੰਥ ਦਾ ਪੈਸਾ ਅਜਿਹੇ ਆਸ਼੍ਰਮਾਂ ਤੇ ਪੁਟਿਆ ਜਾਂਦਾ ਹੈ, ਜਿਨ੍ਹਾਂ ਆਸ਼੍ਰਮਾਂ ਵਿਚੋਂ ਸਿਖ ਸ਼ਕਲ ਦੀ ਅਤੇ ਖ਼ਾਲਸਈ ਸੀਰਤ ਦੀ ਸਿਖ ਪਨੀਰੀ ਬਣ ਬਣ ਕੇ ਨਹੀਂ ਨਿਕਲਦੀ। ਇਖ਼ਲਾਕ, ਆਚਾਰ ਤੋਂ ਗਿਰੇ ਹੋਏ ਗੁੰਡਿਆਂ ਦੀ ਬੇਸ਼ੁਮਾਰਤਾ ਜੋ ਸਿਖ ਪੰਥ ਅੰਦਰ ਦਿਸਦੀ ਹੈ, ਸੋ ਸਿਨੇਮਾ ਥੀਏਟਰ ਦੇ ਲੁਟਿਆਂ ਪੁਟਿਆਂ ਗਭਰੂਆਂ ਗੁੰਡਿਆਂ ਦੀ ਹੈ। ਡਰਾਮਿਆਂ ਦਾ ਸ਼ੌਂਕ ਤਾਂ ਏਹਨਾਂ ਨੂੰ ਕਾਲਜਾਂ ਸਕੂਲਾਂ ਵਿਚ ਵੜਨਸਾਰ ਹੀ ਸਿਰਖੁਮਾਰ ਪਾਗਲਪਨ ਹੋ ਜਾਂਦਾ ਹੈ। ਫੇਰ ਏਹਨਾਂ ਆਸ਼੍ਰਮਾਂ ਵਿਚ ਦਿਤੀ ਅਵਿਦਿਆ ਏਹਨਾਂ ਦੇ ਸਿਰ ਫੇਰ ਦਿੰਦੀ ਹੈ। ਇਹ ਵਿਦਿਆ ਨਹੀਂ, ਨਿਰੀ ਅਵਿਦਿਆ ਹੈ, ਜੋ ਯੁਵਕ ਵਿਦਿਆਰਥੀਆਂ ਦੇ ਚਲਣ ਭੀ ਠੀਕ ਨਾ ਰਖ ਸਕੇ। ਸਿਖ ਆਸ਼੍ਰਮਾਂ ਕਾਲਜਾਂ ਸਕੂਲਾਂ ਵਿਚ ਵਿਦਿਆ ਪੜ੍ਹਨ ਦੀ ਇਹ ਅਹਿਮੀਅਤ ਹੋਣੀ ਚਾਹੀਦੀ ਹੈ ਕਿ ਵਿਦਿਆਰਥੀਆਂ ਦੇ ਚਾਲ ਚਲਣ ਤਾਂ ਘਟ ਤੋਂ ਘਟ ਚੰਗੇ ਰਹਿਣ। ਅਸਲ ਮੁਖ-ਆਦਰਸ਼ ਤਾਂ ਧਾਰਮਕ ਆਸ਼੍ਰਮਾਂ ਦਾ ਇਹ ਹੋਣਾ ਚਾਹੀਦਾ ਹੈ ਕਿ ਏਹਨਾਂ ਵਿਚ ਵਿਦਿਆ ਪੜ੍ਹਨਹਾਰੇ ਵਿਦਿਆਰਥੀ ਗੁਰਮਤਿ ਧਰਮ ਕਰਮ ਵਿਚ ਪਰਬੀਨ ਹੋ ਜਾਣ ਅਤੇ ਗੁਰਮਤਿ ਰਹਿਤ ਬਹਿਤ ਦੇ ਐਸੇ ਸ਼ੌਕੀਨ ਹੋ ਜਾਣ ਕਿ ਹੋਰਤ ਸ਼ੌਕ ਕੁਚਸਕੇ ਫੈਸ਼ਨਬਾਜ਼ੀ ਦੇ ਉਹਨਾਂ ਦੇ ਦੂਰ ਹੋ ਰਹਿਣ।

ਹੁਣ ਤਾਂ ਦਿਨੋ ਦਿਨ ਸਗੋਂ ਉਲਟੀ ਮਾਰ ਵਗਦੀ ਚਲੀ ਜਾਂਦੀ ਹੈ। ਪਛਮ-ਫ਼ੈਸ਼ਨੀ ਆਜ਼ਾਦੀ ਵਾਲੀ ਵਿਦਿਆ ਦਾ ਐਸਾ ਪਰਭਾਵ ਪੈ ਰਿਹਾ ਹੈ ਕਿ ਅੰਦਰੂਨੀ ਹਾਲਤ ਦਿਨੋ ਦਿਨ ਬਿਗੜਦੀ ਹੀ ਚਲੀ ਜਾਂਦੀ ਹੈ। ਲੜਕੇ ਲੜਕੀਆਂ ਨੂੰ ਇਕੱਠੇ ਇਕੋ ਆਸ਼੍ਰਮ ਵਿਚ ਵਿਦਿਆ ਪੜ੍ਹਾਉਣ ਵਾਲੀ ਅਜ਼ਾਦੀ ਨੇ ਹੋਰ ਵੀ ਘੋਰ ਬਰਬਾਦੀ ਬਰਪਾ ਕਰ ਛਡੀ ਹੈ। ਖੁਲ੍ਹੀਆਂ ਯਾਰੀਆਂ ਕੁੜਿਆਰੀਆਂ ਲਗਦੀਆਂ ਹਨ। ਖੁੱਲ੍ਹੀਆਂ ਬੇਸ਼ਅਊਰ ਮੁਹੱਬਤਾਂ ਦੀਆਂ ਸ਼ਾਦੀਆਂ, ਮਨ-ਮਰਜ਼ੀ ਦੀ ਲਵ ਮੈਰਿਜ (Love Marriages) ਆਮ ਤੌਰ ਤੇ ਮਨ-ਪਸਿੰਦ ਜੋੜੀਆਂ ਦੀਆਂ ਹੋਣ ਲਗ ਪਈਆਂ ਹਨ, ਨਾ ਲੜਕੀ ਨਾ ਲੜਕਾ ਆਪਣੇ ਮਾਂ ਪਿਓ ਸਨਬੰਧੀਆਂ ਨੂੰ ਪੁਛਣ ਦੀ ਜ਼ਹਿਮਤ ਵਿਚ ਪੈਂਦਾ ਹੈ। ਮਨ-ਭਾਉਂਦੀਆਂ ਮੁਹੱਬਤਾਂ, ਮਨ-ਭਾਉਂਦੀਆਂ ਅਜ਼ਾਦ ਸ਼ਾਦੀਆਂ ਹਨ। ਪਰ ਇਹ ਸਾਰੀਆਂ ਅਜ਼ਾਦੀਆਂ ਅੰਤੀ ਅਉਸਰ ਖੇਹੂ ਖੇਹ ਹੀ ਹੋ ਜਾਂਦੀਆਂ ਹਨ, ਖ਼ਾਕ ਵਿਚ ਰਲ ਜਾਂਦੀਆਂ ਹਨ। ਇਹਨਾਂ ਆਜ਼ਾਦੀਆਂ ਨੇ ਬੜੇ ਘਰ ਗਾਲੇ ਹਨ। ਖ਼ਾਨਦਾਨਾਂ ਦੇ ਖ਼ਾਨਦਾਨ ਗਾਲ ਦਿਤੇ ਹਨ। ਮੰਨੇ-ਦੰਨੇ ਸਿਖਾਂ ਆਗੂਆਂ ਦੀਆਂ ਇੱਜ਼ਤਾਂ ਨੂੰ ਖਜਲ ਖੁਆਰ ਕਰ ਦਿਤਾ ਹੈ, ਇਹਨਾਂ ਆਜ਼ਾਦੀਆਂ ਬਰਬਾਦੀਆਂ ਨੇ। ਇਸ ਦਾ ਮੂਲ ਕਾਰਨ ਇਹ ਹੈ ਕਿ ਤੱਤ ਗੁਰਸਿਖਾਂ ਵਾਲੀ ਰਹਿਣੀ ਬਹਿਣੀ ਕਮਾਉਣ ਦਾ ਤੱਤ ਪਰਚਾ, ਸਿਖ ਸਦਾਉਣ ਵਾਲੇ ਪਰਵਾਰਾਂ ਵਿਚ ਨਹੀਂ ਪਿਆ। ਪਰਵਾਰਾਂ ਦੇ ਪਰਵਾਰ ਸਿੱਖੀ ਦੀ ਇਸ ਤੱਤ ਕਮਾਈ ਤੋਂ ਸੁੰਞੇ ਅਤੇ ਸਖਣੇ (ਵਿਰਵੇ) ਪਏ ਹਨ। ਪਰਪੱਕ ਜੀਵਨ ਵਾਲੀਆਂ ਪਨੀਰੀਆਂ ਉਗਵਣੋਂ ਹੀ ਰਹਿ ਗਈਆਂ ਹਨ। ਪਿਛਲੇ ਹੀ ਦਿਨਾਂ ਵਿਚ ਐਨ ਦੁਸਹਿਰੇ ਦੀਆਂ ਛੁਟੀਆਂ ਦੇ ਪਿਛੋਂ ਦੋ ਸਿਖ ਪਰਵਾਰਾਂ ਵਿਚ ਇਸ ਨਵੀਨ ਅਜ਼ਾਦੀ ਬਰਬਾਦੀ ਦੇ ਇਸ਼ਕ ਪੁਆੜਿਆਂ ਨੇ ਦੋਹਾਂ ਪਰਵਾਰਾਂ ਦੀ ਐਸੀ ਮਿੱਟੀ ਪਲੀਤ ਕੀਤੀ ਕਿ ਬਜ਼ੁਰਗਵਾਰ ਸਿਖ ਸੰਤਤੀ ਆਗੂਆਂ ਦਾ ਨਾਮ ਭੀ ਬਦਨਾਮ ਕਰ ਦਿਤਾ। ਪਰ ਅਸਲ ਗੱਲ ਤਾਂ ਇਹੀ ਹੈ ਕਿ ਜਿਹੋ ਜਿਹੀ ਸੀਰਤ ਹੋਊ ਇਨਸਾਨ ਦੀ, ਤਿਹੋ ਜਿਹੀ ਉਸ ਦੀ ਸੂਰਤ ਭੀ ਹੋ ਜਾਊ।

ਅੰਦਰੋਂ ਸੱਚੇ ਧਰਮੀ ਪੁਰਸ਼ਾਂ ਦੀ ਕਦੇ ਭੀ ਗੁੰਡਿਆਂ ਵਾਲੀ ਰਹਿਣੀ ਬਹਿਣੀ ਨਹੀਂ ਹੋ ਸਕਦੀ। ਜੋ ਸਿਖ ਯੁਵਕ ਅਤੇ ਯੁਵਤੀ ਅੰਦਰੂਨੀ ਆਤਮ ਬਿਵਸਥਾ ਕਰ ਗੁਰਮੁਖ ਹੈ ਉਸ ਦੀ ਬਾਹਰ ਦੀ ਸ਼ਕਲ ਸੂਰਤ ਭੀ ਗੁਰਮੁਖਾਂ ਵਾਲੀ ਹੀ ਰਹੇਗੀ। ਗੁਰਮੁਖਾਂ ਵਾਲੇ ਬਸਾਰਤੀ (ਖਿੜੇ) ਚੇਹਰੇ ਉਹਨਾਂ ਦੇ ਨਜ਼ਰ ਆਉਣਗੇ। ਉਹ ਚੇਹਰਿਆਂ ਤੋਂ ਹੀ ਪਛਾਣੇ ਜਾਣਗੇ ਕਿ ਗੁਰਮੁਖ ਖ਼ਾਲਸਈ ਬੰਦੇ ਹਨ। ਖ਼ਾਲਸਈ ਨਿਰਾਲਾ-ਪਨ ਉਹਨਾਂ ਦੇ, ਬਸ ਚੇਹਰਿਆਂ ਤੋਂ ਹੀ ਟਪਕੇਗਾ। ਜਿਨ੍ਹਾਂ ਦਾ ਅੰਦਰ ਆਤਮਾ ਬਿਗੜਿਆ ਹੋਇਆ ਹੋਊ ਉਹ ਬਾਹਰੋਂ ਭੀ ਆਚਰਨ ਰਹਿਤ ਕਰਿ ਬਿਗੜੇ ਤਿਗੜੇ ਹੀ ਨਜ਼ਰ ਆਉਣਗੇ।

ਅੰਦਰੋਂ ਸੱਚੇ ਧਰਮੀ ਪੁਰਸ਼ਾਂ ਦੀ ਕਦੇ ਭੀ ਗੁੰਡਿਆਂ ਵਾਲੀ ਰਹਿਣੀ ਬਹਿਣੀ ਨਹੀਂ ਹੋ ਸਕਦੀ। ਜੋ ਸਿਖ ਯੁਵਕ ਅਤੇ ਯੁਵਤੀ ਅੰਦਰੂਨੀ ਆਤਮ ਬਿਵਸਥਾ ਕਰ ਗੁਰਮੁਖ ਹੈ ਉਸ ਦੀ ਬਾਹਰ ਦੀ ਸ਼ਕਲ ਸੂਰਤ ਭੀ ਗੁਰਮੁਖਾਂ ਵਾਲੀ ਹੀ ਰਹੇਗੀ। ਗੁਰਮੁਖਾਂ ਵਾਲੇ ਬਸਾਰਤੀ (ਖਿੜੇ) ਚੇਹਰੇ ਉਹਨਾਂ ਦੇ ਨਜ਼ਰ ਆਉਣਗੇ। ਉਹ ਚੇਹਰਿਆਂ ਤੋਂ ਹੀ ਪਛਾਣੇ ਜਾਣਗੇ ਕਿ ਗੁਰਮੁਖ ਖ਼ਾਲਸਈ ਬੰਦੇ ਹਨ। ਖ਼ਾਲਸਈ ਨਿਰਾਲਾ-ਪਨ ਉਹਨਾਂ ਦੇ, ਬਸ ਚੇਹਰਿਆਂ ਤੋਂ ਹੀ ਟਪਕੇਗਾ। ਜਿਨ੍ਹਾਂ ਦਾ ਅੰਦਰ ਆਤਮਾ ਬਿਗੜਿਆ ਹੋਇਆ ਹੋਊ ਉਹ ਬਾਹਰੋਂ ਭੀ ਆਚਰਨ ਰਹਿਤ ਕਰਿ ਬਿਗੜੇ ਤਿਗੜੇ ਹੀ ਨਜ਼ਰ ਆਉਣਗੇ। ਗੁਰਮੁਖੀਆਂ ਰੂਹਾਂ ਦੇ ਮੂੰਹ ਸੋਹਣੇ, ਦਾੜ੍ਹੀਆਂ ਸੋਹਣੀਆਂ, ਗੁਰਮੁਖੀ ਦਾੜ੍ਹੀਆਂ ਹੋਣਗੀਆਂ, ਗੁਰਮੁਖੀ ਚੇਹਨ ਚੱਕਰ ਹੋਣਗੇ, ਜੋ ਨਿਰਾਲੇ ਹੀ ਪਹਿਚਾਣੇ ਜਾਣਗੇ। ਗੁਰਸਿੱਖੀ ਦੇ ਗੁਰਮੁਖੀ ਨਿਸ਼ਾਨ ਹੀ ਦੂਰੋਂ ਦਸ ਦੇਣਗੇ ਕਿ ਫਲਾਣੀ ਯੁਵਕ ਯੁਵਤੀ ਨਿਰਾਲੀ ਖ਼ਾਲਸਾ ਕੌਮ ਦੀ ਹੈ।

ਸਿਖ ਯੁਵਕਾਂ ਵਿਚ ਢਾਹ ਲੱਗੀ ਹੈ ਤਾਂ ਦਾੜ੍ਹੇ ਦੇ ਘਾਟੇ ਕਰਕੇ ਅਤੇ ਸਿਖ ਯੁਵਤੀਆਂ ਵਿਚ ਢਾਹ ਲਗੀ ਹੈ ਤਾਂ ਕੇਸਕੀ (ਦਸਤਾਰ) ਹੀਣਤ ਹੋਣ ਕਰਕੇ। ਇਹਨਾਂ ਦੋਹਾਂ ਐਬਾਂ ਨੇ ਖ਼ਾਲਸੇ ਦੀ ਖ਼ਾਲਸੀਅਤ ਨਿਰਾਲਾ ਪਨ ਨੂੰ ਖਸ ਲਿਆ ਹੈ।▪▪

# ਜੈ ਤੇਗੰ

**ਭਾਈ ਗੁਰਦਿਆਲ ਸਿੰਘ,**
**ਰਿਟਾਇਰਡ ਅਸਿਸਟੈਂਟ**

**ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥**
**(ਤ੍ਰਿਭੰਗੀ ਛੰਦ ਬਚਿਤ੍ਰ ਨਾਟਕ ਪਾ. ੧੦)**
**ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥**
**ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥ (ਬਚਿਤ੍ਰ ਨਾਟਕ ਪਾ. ੧੦)**

> ਸਿਆਣੇ ਕਹਿੰਦੇ ਹਨ ਕਿ ਹਥਿਆਰ ਉਹ ਜਿਹੜਾ ਸਮੇਂ ਸਿਰ ਕੰਮ ਆਵੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਦੇਣ ਸਮੇਂ ਜੋ ਪੰਜ ਕਕਾਰ ਪਹਿਨਾਏ, ਉਨ੍ਹਾਂ ਵਿਚੋਂ ਇਕ ਕਕਾਰ ਕਿਰਪਾਨ ਹੈ। ਅਨਮਤੀ ਲੋਕ ਅਤੇ ਕਈ ਭੇਖੀ ਸਿੱਖ ਵੀ ਕਕਾਰਾਂ ਬਾਰੇ ਟੀਕਾ-ਟਿੱਪਣੀ ਕਰਦੇ ਕਹਿੰਦੇ ਹਨ ਕਿ ਅੱਜ-ਕਲ੍ਹ ਤਾਂ ਬੰਬ, ਬੰਦੂਕਾਂ, ਹੈਂਡ ਗਰਨੇਡ, ਰਾਕਟ, ਗੋਲੇ, ਬਾਰੂਦੀ ਅਸਲਾ ਚੱਲਦਾ ਹੈ, ਇਨ੍ਹਾਂ ਅੱਗੇ ਕਿਰਪਾਨ ਕੀ ਕਰ ਸਕਦੀ ਹੈ ? ਇਨ੍ਹਾਂ ਭਾਈਆਂ ਨੂੰ ਇਹੀ ਉੱਤਰ ਹੈ ਕਿ ਅਸਤ੍ਰ/ਬਰੂਦੀ ਅਸਲਾ ਹਰ ਸਮੇਂ ਨਾਲ ਨਹੀਂ ਰੱਖਿਆ ਜਾ ਸਕਦਾ। ਸ਼ਸਤਰ ਰੱਖੇ ਜਾ ਸਕਦੇ ਹਨ।

ਸਿਆਣੇ ਕਹਿੰਦੇ ਹਨ ਕਿ ਹਥਿਆਰ ਉਹ ਜਿਹੜਾ ਸਮੇਂ ਸਿਰ ਕੰਮ ਆਵੇ। ਸ੍ਰੀ ਕਲਗ਼ੀਧਰ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਦੇਣ ਸਮੇਂ ਜੋ ਪੰਜ ਕਕਾਰ ਪਹਿਨਾਏ, ਉਨ੍ਹਾਂ ਵਿਚੋਂ ਇਕ ਕਕਾਰ ਕਿਰਪਾਨ ਹੈ। ਹਰ ਵੇਲੇ ਸਰੀਰ ਨਾਲ ਕਕਾਰ ਧਾਰਨ ਕਰਨ ਹਿੱਤ ਇਸ ਦੀ ਲੰਬਾਈ ਕੋਈ ਨੀਯਤ ਤਾਂ ਨਹੀਂ, ਪਰ ਆਮ ਤੌਰ 'ਤੇ ਛੋਟੀ ਗਾਤਰੇ ਕਿਰਪਾਨ 5 ਤੋਂ ਲੈ ਕੇ 10, 12 ਇੰਚ ਤੱਕ ਧਾਰਨ ਕੀਤੀ ਜਾਂਦੀ ਹੈ।

ਅਨਮਤੀ ਲੋਕ ਅਤੇ ਕਈ ਭੇਖੀ ਸਿੱਖ ਵੀ ਕਕਾਰਾਂ ਬਾਰੇ ਟੀਕਾ-ਟਿੱਪਣੀ ਕਰਦੇ ਕਹਿੰਦੇ ਹਨ ਕਿ ਅੱਜ-ਕਲ੍ਹ ਤਾਂ ਬੰਬ, ਬੰਦੂਕਾਂ, ਹੈਂਡ ਗਰਨੇਡ, ਰਾਕਟ, ਗੋਲੇ, ਬਾਰੂਦੀ ਅਸਲਾ ਚੱਲਦਾ ਹੈ, ਇਨ੍ਹਾਂ ਅੱਗੇ ਕਿਰਪਾਨ ਕੀ ਕਰ ਸਕਦੀ ਹੈ ? ਇਨ੍ਹਾਂ ਭਾਈਆਂ ਨੂੰ ਇਹੀ ਉੱਤਰ ਹੈ ਕਿ ਅਸਤ੍ਰ/ਬਰੂਦੀ ਅਸਲਾ ਹਰ ਸਮੇਂ ਨਾਲ ਨਹੀਂ ਰੱਖਿਆ ਜਾ ਸਕਦਾ। ਸ਼ਸਤਰ ਰੱਖੇ ਜਾ ਸਕਦੇ ਹਨ। ਜਿਵੇਂ ਪੁਰਾਣੇਂ ਅਵਤਾਰੀ ਪੁਰਸ਼ ਅਤੇ ਰਾਜੇ ਮਹਾਂਰਾਜੇ ਰੱਖਦੇ ਆਏ ਹਨ। ਖੈਰ ਦਾਸ ਇਹ ਵਾਰਤਾ ਇਸ ਲਈ ਲਿਖ ਰਿਹਾ ਹੈ ਕਿ ਇਹ ਹੱਡ-ਬੀਤੀ ਘਟਨਾ ਮੇਰੇ ਨਾਲ ਵਾਪਰੀ ਸੀ ਜੋ ਕਿ ਬਿਲਕੁਲ ਸੱਚੋ-ਸੱਚ ਹੈ।

ਦਾਸ ਅਗਸਤ ੧੯੬੦ ਵਿਚ ਪਟਿਆਲੇ ਆਈ.ਟੀ.ਆਈ ਵਿਚ ਮੋਟਰ ਮਕੈਨਿਕ ਟਰੇਡ 'ਚ ਦਾਖ਼ਲ ਹੋਇਆ ਜੋ ਕਿ ਫ਼ਰਵਰੀ 1962 ਵਿਚ ਸਮਾਪਤ ਹੋਈ। ਇਸ ਟਰੇਡ ਦੀਆਂ ਦੋ ਸ਼ਿਫ਼ਟਾਂ ਥਿਊਰੀ ਅਤੇ ਪ੍ਰੈਕਟੀਕਲ ਵਾਸਤੇ ਲੱਗਦੀਆਂ ਸਨ। ਹਰੇਕ ਟਰੇਡ ਵਿਚ ਕੋਈ 15-16 ਸਿੱਖਿਆਰਥੀ ਸਨ। ਸਾਡੀ ਇਸ ਟਰੇਡ ਵਿਚ ਪਟਿਆਲਾ ਤੇ ਨਾਭੇ ਦੇ ਆਸ-ਪਾਸ ਦੇ ਨੌਜਵਾਨ ਵੀ ਦਾਖ਼ਲ ਸਨ। ਚੰਗੇ ਤਕੜੇ ਸਰੀਰਾਂ ਵਾਲੇ ਸਨ। ਪਰ ਅਫ਼ਸੋਸ ਕਿ ਇਨ੍ਹਾਂ ਵਿਚ ਚੰਗੇ-ਚੰਗੇ ਸਰਦਾਰਾਂ ਦੇ ਮੁੰਡੇ ਸਿਗਰਟਾਂ, ਪਾਨ ਆਦਿ ਦੀ ਵਰਤੋਂ ਕਰਦੇ ਸਨ।

ਜਿੱਥੋਂ ਤੱਕ ਮੈਨੂੰ ਅਜੇ ਯਾਦ ਹੈ ਕਿ ਸਾਰੀ ਆਈ.ਟੀ.ਆਈ ਵਿਚ ਕੇਵਲ ਮੈਂ ਹੀ ਅੰਮ੍ਰਿਤਧਾਰੀ ਵਿਦਿਆਰਥੀ ਸਾਂ। ਬਾਅਦ ਵਿਚ ਇਕ ਹੋਰ ਵਿਦਿਆਰਥੀ ਜੋ ਕਿ ਮੇਰੇ ਕਮਰੇ ਵਿਚ ਹੀ ਰਹਿੰਦਾ ਸੀ, ਅਖੰਡ ਕੀਰਤਨੀ ਜਥੇ ਵਿਚੋਂ ਹੀ ਅੰਮ੍ਰਿਤ ਛਕ ਕੇ ਤਿਆਰ ਹੋਇਆ ਸੀ। ਇਨ੍ਹਾਂ ਦੂਜੇ ਵਿਦਿਆਰਥੀਆਂ ਨੇ ਕਲਾਸ ਵਿਚ ਬਹਿ ਕੇ ਜਦੋਂ ਇਨਸਟ੍ਰਕਟਰ ਨੇ ਨਾ ਹੋਣਾ, ਤਾਂ ਬਹੁਤ ਗੰਦੀਆਂ ਗੱਲਾਂ ਕਰਨੀਆਂ। ਗੁਰੂਆਂ-ਪੀਰਾਂ, ਅਵਤਾਰਾਂ ਬਾਰੇ ਬੁਰਾ-ਭਲਾ ਕਹਿਣਾ। ਇਕ ਦਿਨ ਇਨ੍ਹਾਂ ਨੂੰ ਜਦੋਂ ਮੈਂ ਅਜਿਹਾ ਕਰਨ ਤੋਂ ਰੋਕਿਆ ਤਾਂ ਇਨ੍ਹਾਂ ਨੇ ਮੈਨੂੰ ਕੁੱਟ ਛੱਡਿਆ। ਦੋ-ਤਿੰਨ ਦਿਨ ਮੇਰੇ ਹੱਡ-ਪੈਰ ਦੁਖਦੇ ਰਹੇ।

ਉਨ੍ਹਾਂ ਨੇ ਇੱਥੇ ਹੀ ਬੱਸ ਨਹੀਂ ਕੀਤੀ ਕਿ ਅਸੀਂ ਸਾਰੇ ਵਿਦਿਆਰਥੀ ਇਕ ਦਿਨ ਕਲਾਸ ਰੂਮ ਵਿਚ ਬੈਠੇ ਸਾਂ, ਇਨਸਟ੍ਰਕਟਰ ਅਜੇ ਤੱਕ ਆਇਆ ਨਹੀਂ ਸੀ। ਉਨ੍ਹਾਂ ਰਲ ਕੇ ਸਲਾਹ ਬਣਾਈ ਕਿ ਅੱਜ ਗਿਆਨੀ ਨੂੰ ਢਾਹ ਕੇ ਸਿਗਰਟਾਂ, ਪਾਨ ਆਦਿ ਪਿਲਾਈਏ, ਇਹ ਸਾਥੋਂ ਅਲਹਿਦਾ ਹੀ ਰਹਿੰਦਾ ਹੈ। ਦਰਵਾਜ਼ੇ ਦੀ ਅੰਦਰੋਂ ਕੁੰਡੀ ਲਗਾ ਦਿੱਤੀ। ਮੈਂ ਉਨ੍ਹਾਂ ਸਾਰਿਆਂ ਵਿਚੋਂ ਸਰੀਰ ਕਰਕੇ ਕਮਜ਼ੋਰ ਸੀ। ਮੈਂ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਗਿਆ। ਕਿਉਂਕਿ ਉਨ੍ਹਾਂ ਦੀ ਇਸ ਜ਼ਬਰਦਸਤੀ ਕਾਰਵਾਈ ਕਰਕੇ ਮੈਂ ਪਤਿਤ ਹੋ ਜਾਣਾ ਸੀ। ਮੈਨੂੰ ਕੁਝ ਨਾ ਸੁੱਝੇ। ਅਚਾਨਕ ਇਕ ਦਮ ਖ਼ਿਆਲ ਪੈਦਾ ਹੋ ਗਿਆ ਕਿ ਇਹ ਤਾਂ ਹੁਣ ਧਰਮ ਤੋਂ ਪਤਿਤ ਹੋ ਕੇ ਮਰਨ ਵਾਲੀ ਗੱਲ ਹੈ। ਇਹ ਬਹੁਤੇ ਹਨ ਤੇ ਇਨ੍ਹਾਂ ਨੇ ਇਹ ਕਰਕੇ ਹੀ ਰਹਿਣਾ ਹੈ।

ਬੱਸ, ਮੈਂ ਉਨ੍ਹਾਂ ਨੂੰ ਕਹਿ ਦਿੱਤਾ ਕਿ ਤੁਸੀਂ ਮੈਨੂੰ ਧਰਮਹੀਨ ਕਰਨਾ ਹੈ, ਯਾਦ ਰੱਖਿਓ ਜਿਹੜਾ ਮੇਰੇ ਨੇੜੇ ਆਇਆ, ਮੈਂ ਉਸ ਦੇ ਢਿੱਡ ਵਿਚ ਇਹ ਕਿਰਪਾਨ (ਜੋ ਕਿ ਤਕਰੀਬਨ ੭ ਇੰਚ ਦੀ ਸੀ,) ਮਾਰ ਦੇਣੀ ਹੈ। ਇੰਨਾ ਕਹਿੰਦਿਆਂ ਹੀ ਉਹ ਸਾਰੇ ਠਠੰਬਰ ਗਏ ਅਤੇ ਕਿਸੇ ਦਾ ਹੌਂਸਲਾ ਮੇਰੇ ਲਾਗੇ ਆਉਣ ਦਾ ਨਾ ਪਿਆ। ਘੁਸਰ-ਮੁਸਰ ਕਰਦਿਆਂ ਉਨ੍ਹਾਂ ਦਰਵਾਜ਼ੇ ਦੀ ਕੁੰਡੀ ਖੋਲ੍ਹ ਦਿੱਤੀ। ਮੈਂ ਆਪਣੇ ਇਨਸਟ੍ਰਕਟਰ ਤੇ ਪ੍ਰਿੰਸੀਪਲ ਸਾਹਿਬ ਨੂੰ ਸਾਰੀ ਘਟਨਾ ਬਾਰੇ ਦੱਸ ਦਿੱਤਾ। ਪ੍ਰਿੰਸੀਪਲ ਸਾਹਿਬ (ਸ. ਸੰਪੂਰਨ ਸਿੰਘ) ਭਾਈ ਮਹਿੰਦਰ ਸਿੰਘ, ਐਸ.ਡੀ.ਓ. ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਮੇਰੇ ਅੰਮ੍ਰਿਤਧਾਰੀ ਹੋਣ ਕਰਕੇ ਮੇਰੀ ਹਰ ਗੱਲ 'ਤੇ ਵਿਸ਼ਵਾਸ ਕਰਦੇ ਸਨ।

ਇਸ ਲਈ ਉਨ੍ਹਾਂ ਨੇ ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਬਹੁਤ ਝਾੜ ਪਾਈ। ਮੁੜ ਕੇ ਉਨ੍ਹਾਂ ਫਿਰ ਕਦੇ ਵੀ ਅਜਿਹੀ ਹਰਕਤ ਕਰਨ ਦੀ ਹਿੰਮਤ ਨਹੀਂ ਕੀਤੀ ਬਲਕਿ ਮੇਰਾ ਬਹੁਤ ਸਤਿਕਾਰ ਕਰਨ ਲੱਗ ਪਏ। ਵੇਖਣ-ਸੁਣਨ ਵਿਚ ਇਹ ਘਟਨਾ ਭਾਵੇਂ ਛੋਟੀ ਹੈ ਪਰ ਮੇਰੇ ਵਾਸਤੇ ਬਹੁਤ ਵੱਡੀ ਹੈ। ਕਿਉਂਕਿ ਉਨ੍ਹਾਂ ਦੀ ਇਸ ਕਾਰਵਾਈ ਨਾਲ ਮੇਰਾ ਧਰਮ ਭੰਗ ਹੋ ਜਾਣਾ ਸੀ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਨ੍ਹਾਂ ਦਾ ਬਖ਼ਸ਼ਿਆ ਸ਼ਸਤਰ ਬਿਨਾਂ ਚਲਾਇਆਂ ਹੀ ਕੰਮ ਕਰ ਗਿਆ ਅਤੇ ਮੇਰਾ ਧਰਮ ਬਚ ਗਿਆ।

**# 2334, ਗਲੀ ਨੰ. 2, ਧਰਮਪੁਰਾ**
**ਜੌੜਾ ਫਾਟਕ, ਸ੍ਰੀ ਅੰਮ੍ਰਿਤਸਰ।**
**ਫ਼ੋਨ : 87250-01203.**

# ਇਹ ਕੈਸੀ ਆਜ਼ਾਦੀ ?

ਹਰਿ ਪ੍ਰਤਾਪ ਸਿੰਘ ਖ਼ਾਲਸਾ

ਅੱਜ ਤੋਂ ੧੦੦ ਸਾਲ ਪਹਿਲਾਂ ਕੋਈ ਵੀ ਗੁਰਸਿੱਖ ਕਿਸੇ ਨਿਗੁਰੇ ਹੱਥੋਂ ਨਹੀਂ ਸੀ ਛਕਦਾ। ੧੯੪੭ ਵਿਚ ਭਾਰਤ ਆਜ਼ਾਦ ਹੋਇਆ (ਸਿੱਖ ਨਹੀਂ)। ਪਰ ਅਸੀਂ ਕੁਝ ਜ਼ਿਆਦਾ ਹੀ ਆਜ਼ਾਦ ਹੋ ਗਏ। ਰਹਿਤ ਰੂਪੀ ਸੰਗਲ ਅਸੀਂ ਤੁੜਵਾ ਲਿਆ, ਭਾਵ ਹਾਥੀ ਕੁੰਡੇ ਤੋਂ ਬਾਹਰਾ ਹੋ ਗਿਆ ਤੇ ਆਪਣਾ ਉਜਾੜਾ ਆਪ ਕਰਨ ਲੱਗ ਪਿਆ। ਗੁਰੂ ਸਾਹਿਬ ਦੀ ਬਖ਼ਸ਼ੀ ਹੋਈ ਰਹਿਤ ਹੀ ਸਾਨੂੰ ਭੁੱਲ ਗਈ। ਅੰਗਰੇਜ਼ ਭਾਰਤ ਵਾਸੀਆਂ ਦੇ ਹੱਡਾਂ 'ਚ ਚਾਹ ਵਰਗੀ ਅਲਾਮਤ ਪਹਿਲਾਂ ਹੀ ਵਾੜ ਗਏ ਸਨ, ਪਰ ਅਸੀਂ ਚਾਹ ਦੀ ਮਰਿਯਾਦਾ ਨੂੰ ਹਰ ਗੁਰਦੁਆਰੇ 'ਚ ਲਾਗੂ ਕਰਨਾ ਆਪਣਾ ਸ੍ਰੇਸ਼ਟ ਧਰਮ ਸਮਝ ਲਿਆ। ਚਾਹ ਇਕ ਨਸ਼ਾ ਹੈ ਤੇ ਗੁਰੂ ਕੇ ਸਿੱਖ ਨੇ ਸਿਰਫ਼ ਪ੍ਰਸ਼ਾਦੇ ਦਾ ਹੀ ਅਮਲ ਰੱਖਣਾ ਹੈ। ਇਕ ਵਾਰੀ ਪਿੰਗਲਵਾੜੇ ਵਾਲਾ ਵੀਰ ਹੱਥ ਉੱਚਾ ਕਰਕੇ ਇਕ ਪਰਚਾ ਲਹਿਰਾਵੇ ਤੇ ਕਹਿੰਦਾ ਕਿ ਇਸ ਨੂੰ ਪੜ੍ਹੋ, ਤੁਸੀਂ ਚਾਹ ਪੀਣੀ ਛੱਡ ਦਿਓਗੇ। ਅਸੀਂ ਬੇਨਤੀ ਕੀਤੀ ਕਿ ਮੈਂ ਤਾਂ ਪੀਂਦਾ ਹੀ ਨਹੀਂ। ਕਹਿੰਦਾ ਕਿਸੇ ਹੋਰ ਦੀ ਛੁਡਵਾ ਦੇਣਾ। ਉਸ ਪਰਚੇ ਨੂੰ ਪੜ੍ਹਿਆ ਤੇ ਵਾਕਈ ਜੋ ਵਿਚਾਰ ਡਾਕਟਰਾਂ ਅਤੇ ਸਾਇੰਸਦਾਨਾਂ ਦੇ ਚਾਹ ਬਾਰੇ ਹਨ, ਪਤਾ ਲੱਗਦਾ ਹੈ ਕਿ ਚਾਹ ਇਕ ਜ਼ਹਿਰ ਹੈ। ਅਸੀਂ ਭਾਵੇਂ ਅੰਮ੍ਰਿਤਧਾਰੀ ਤਾਂ ਹੋ ਗਏ ਪਰ ਰਹੇ ਚਾਹਧਾਰੀਏ ਹੀ।

ਜਦੋਂ ਕਦੇ ਅਸੀਂ ਬਾਜ਼ਾਰ ਵੱਲ ਨੂੰ ਨਿਕਲੇ ਤਾਂ ਹਲਵਾਈ ਨੂੰ ਰਸਦਾਰ ਜਲੇਬੀਆਂ ਕੱਢਦੇ ਦੇਖ ਕੇ ਸਾਡੇ ਮੂੰਹ 'ਚ ਪਾਣੀ ਆਉਣ ਲੱਗ ਪਿਆ। ਭਾਵੇਂ ਉਸ ਨੇ ਦੂਜੇ ਹੱਥ ਵਿਚ ਬੀੜੀ/ਸਿਗਰਟ ਫੜੀ ਹੋਈ ਸੀ। ਸ਼ਾਇਦ ਸਾਨੂੰ ਲੱਗਾ ਕਿ ਸਾਡੇ ਮੂੰਹ ਦੇ ਪਾਣੀ ਨੇ ਉਸ ਦੀ ਸੁਲਗ ਰਹੀ ਬੀੜੀ ਨੂੰ ਠੰਡਾ ਕਰ ਦਿੱਤਾ ਹੈ। ਜਲੇਬੀਆਂ ਛਕ ਕੇ ਅਸੀਂ ਇਕ ਹੋਰ ਫ਼ੁਰਤੀ ਵਾਲਾ ਕੰਮ ਕੀਤਾ ਕਿ ਹਲਵਾਈ ਤੋਂ ਉਸ ਦਾ ਫ਼ੋਨ ਨੰਬਰ, ਅਤਾ-ਪਤਾ ਸਾਰਾ ਨੋਟ ਕਰ ਲਿਆ ਤਾਂ ਕਿ ਆਉਣ ਵਾਲੇ ਸਮਾਗਮ 'ਤੇ ਉਸ ਨੂੰ ਬੁੱਕ ਕਰਨ ਲਈ ਮੁਸ਼ਕਿਲ ਨਾ ਆਵੇ। ਜਦੋਂ ਅਸੀਂ ਥੋੜ੍ਹਾ ਹੋਰ ਅੱਗੇ ਗਏ ਤਾਂ ਰੇਹੜੀ ਵਾਲੇ ਨੂੰ ਗੋਲ-ਗੱਪੇ ਤੋੜਦਾ ਦੇਖ ਕੇ ਅਸੀਂ ਵੀ ਆਪਣੇ ਹੱਦ-ਬੰਨੇ ਤੋੜ ਬੈਠੇ ਤੇ ਹੋ ਗਿਆ ਸ਼ੁਰੂ ਗੋਲ-ਗੱਪਾ ਕੰਪੀਟੀਸ਼ਨ। ਜੇਕਰ ਸਾਨੂੰ ਕਿਸੇ ਗੁਰੂ-ਪਿਆਰੇ ਨੇ ਸਮਝਾਇਆ ਕਿ ਕੁਝ ਚਿਰ ਪਹਿਲਾਂ ਤਾਂ ਭਈਆਂ ਵਾਲੀ ਖਲ (ਜਗਤ ਜੂਠ) ਮਲ ਰਿਹਾ ਸੀ। ਅਸੀਂ ਦੇਖ ਕੇ ਅਣਡਿੱਠ ਕਰਨ ਦਾ ਉਪਦੇਸ਼ ਸੁਣਾ ਦਿੱਤਾ।

ਜੇਕਰ ਆਪਣੇ ਨਿਆਰੇਪਨ 'ਚ ਰਹਾਂਗੇ ਤਾਂ ਦੂਜੇ ਲੋਕ ਵੀ ਸਾਡੀ ਤਾਰੀਫ਼ ਕਰਨਗੇ। ਨਿਆਰਾਪਨ ਰੱਖਾਂਗੇ ਤਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਦਾ ਕੁਝ ਸਵਰੇਗਾ, ਨਹੀਂ ਤਾਂ ਖੁਆਰ ਹੀ ਹੋਵਾਂਗੇ। ਵੇਦੀਨਾਂ ਦਾ ਖਾਵਾਂਗੇ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਵੀ ਉਸੇ ਤਰ੍ਹਾਂ ਦੀਆਂ ਪੈਦਾ ਹੋਣਗੀਆਂ। ਨਿਆਰੇਪਨ ਨੂੰ ਅਸੀਂ ਕੱਟੜਪੁਣਾ ਕਹਿ ਦਿੰਦੇ ਹਾਂ। ਇਹ ਕੱਟੜਪੁਣਾ ਨਹੀਂ ਸਗੋਂ ਗੁਰੂ ਪ੍ਰਤੀ ਪ੍ਰਪੱਕਤਾ ਹੈ। ਅਸੀਂ ਇੰਨੇ ਵੀ ਆਜ਼ਾਦ ਨਾ ਹੋਈਏ ਕਿ ਸਾਨੂੰ ਗੁਰੂ, ਅੰਮ੍ਰਿਤ ਵੇਲਾ, ਬਾਣੀ-ਬਾਣਾ ਹੀ ਭੁੱਲ ਜਾਵੇ।

ਫ਼ਿਰ ਇਕ ਦਿਨ ਇਕ ਸਮਾਗਮ ਮੌਕੇ ਹੱਦ ਹੀ ਹੋ ਗਈ ਜਦੋਂ ਅਸੀਂ ਸ਼ਰਮ-ਧਰਮ ਦੋਵੇਂ ਹੀ ਲਾਹ ਦਿੱਤੇ ਕਿ ਗੰਦ ਫ਼ੁਕਣੇ ਹਲਵਾਈਆਂ ਦਾ ਤਿਆਰ ਕੀਤਾ ਬ੍ਰਹਮ ਭੋਜ ਗੁਰੂ ਸਾਹਿਬ ਅੱਗੇ ਪਰੋਸ ਦਿੱਤਾ, ਅਰਦਾਸ ਕਰਕੇ ਕਿਰਪਾਨ ਵੀ ਭੇਟ ਕਰ ਦਿੱਤੀ। ਹਨੇਰ ਸਾਂਈ ਦਾ, ਜਿਸ ਚੀਜ਼ ਨੂੰ ਗੁਰੂ ਸਾਹਿਬ ਨੇ ਵਰਤਣ ਜਾਂ ਹੱਥ ਲਾਉਣ 'ਤੇ ਸਿੱਖ ਨੂੰ ਕੁਰਹਿਤੀਆ ਹੋਣ ਦਾ ਦੋਸ਼ੀ ਕਹਿ ਦਿੱਤਾ। ਉਨ੍ਹਾਂ ਲੋਕਾਂ ਦੇ ਤਿਆਰ ਕੀਤੇ ਪਦਾਰਥ ਹੀ ਅਸੀਂ ਗੁਰੂ ਸਾਹਿਬ ਨੂੰ ਭੇਟ ਕਰੀ ਜਾਂਦੇ ਹਾਂ। ਉਸ ਗੁਰੂ ਅੱਗੇ, ਜਿਸ ਦੇ ਘੋੜੇ ਨੇ ਵੀ ਉਸ ਖੇਤ ਵਿਚੋਂ ਲੰਘਣ ਤੋਂ ਨਾਂਹ ਕਰ ਦਿੱਤੀ ਸੀ, ਜਿਸ ਵਿਚ ਦੋ ਸਾਲ ਪਹਿਲਾਂ ਤੰਬਾਕੂ ਦੀ ਖੇਤੀ ਕੀਤੀ ਗਈ ਸੀ। ਅਸੀਂ ਘੜੀ-ਘੜਾਈ ਦਲੀਲ ਦਿੰਦੇ ਹਾਂ ਕਿ ਕੋਈ ਗੱਲ ਨਹੀਂ ਕਿਰਪਾਨ ਤਾਂ ਭੇਟ ਹੋ ਗਈ ਹੈ, 'ਸਤਿਨਾਮੁ' ਕਹਿ ਕੇ ਛਕ ਲਓ। ਭਗਤ ਰਵਿਦਾਸ ਜੀ ਫ਼ੁਰਮਾਉਂਦੇ ਹਨ ਕਿ ਜੇਕਰ ਸ਼ਰਾਬ ਨੂੰ ਗੰਗਾ-ਜਲ (ਜਿਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ) ਤੋਂ ਵੀ ਤਿਆਰ ਕਰ ਲਈਏ ਤਾਂ ਵੀ ਉਹ ਅਪਵਿੱਤਰ ਹੀ ਰਹਿੰਦੀ ਹੈ। ਫ਼ਿਰ ਦੂਜੀ ਦਲੀਲ ਹੁੰਦੀ ਹੈ ਕਿ ਇੰਨੀ ਸੰਗਤ ਵਾਸਤੇ ਲੰਗਰ ਕਿਸ ਤਰ੍ਹਾਂ ਤਿਆਰ ਕਰੀਏ? ਪਹਿਲੀ ਗੱਲ ਤਾਂ ਰਾਤ ਨੂੰ ਅਸੀਂ ਬਾਰ੍ਹਾਂ ਵਜੇ ਤੱਕ ਜਾਗੋ ਕੱਢਣ ਨੂੰ ਤਾਂ ਤਿਆਰ ਹਾਂ ਤੇ ਦੋ ਵਜੇ ਤੱਕ ਕੰਜਰੀ ਨਾਚ ਲਈ ਵੀ ਤਿਆਰ ਹਾਂ, ਪਰ ਲੰਗਰ ਦੀ ਸੇਵਾ ਲਈ ਸਾਡੇ ਹੱਥ ਖੜ੍ਹੇ ਹਨ। ਭਲਿਓ ਲੋਕੋ! ਘੱਟੋ-ਘੱਟ ਗੁਰੂ ਸਾਹਿਬ ਲਈ ਤਾਂ ਚਾਰ ਪ੍ਰਸ਼ਾਦੇ ਤੇ ਦਾਲ ਤਾਂ ਆਪ ਬਣਾ ਲਿਆ ਕਰੀਏ। ਸਾਡੇ ਘਰ ਕੋਈ ਸਾਧ ਆ ਜਾਵੇ ਤਾਂ ਸਾਰਾ ਪਰਿਵਾਰ ਪੱਬਾਂ ਭਾਰ ਹੋ ਜਾਂਦਾ ਹੈ।

ਇਕ ਵਾਰੀ ਅਸੀਂ ਇਕ ਸਿੰਘ ਦੀ ਬਰਾਤੇ ਗਏ ਤਾਂ ਉਥੇ ਹਲਵਾਈ ਲੱਗੇ ਦੇਖ ਕੇ ਨੇੜੇ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਪ੍ਰਸ਼ਾਦਾ ਛਕ ਲਿਆ। ਉਸ ਸਿੰਘ ਨੂੰ ਕਿਤੇ ਪਤਾ ਲੱਗ ਗਿਆ ਤੇ ਲੱਗਾ ਆਪਣਾ ਬ੍ਰਹਮ-ਗਿਆਨ ਝਾੜਨ। ਕਹਿੰਦਾ, ਇਕ ਪਾਸੇ ਤਾਂ ਤੁਸੀਂ ਉਪਦੇਸ਼ ਕਰਦੇ ਹੋ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਫ਼ਿਰ ਉਥੇ ਤਿਆਰ ਬ੍ਰਹਮ ਭੋਜ ਕਿਉਂ ਨਹੀਂ ਛਕਿਆ। ਦਾਸ ਨੇ ਉੱਤਰ ਦਿੱਤਾ 'ਮਾਨਸ ਕੀ ਜਾਤ' ਉਦੋਂ ਦੇਖਣੀ ਸੀ ਜਦੋਂ ਰਿਸ਼ਤਾ ਕੀਤਾ ਸੀ, ਉਦੋਂ ਕਿਉਂ ਕਹਿੰਦੇ ਹਾਂ ਕਿ ਕੁੜੀ ਸੈਣੀਆਂ/ਜੱਟਾਂ ਦੀ ਹੀ ਹੋਵੇ। ਕਿਤੇ ਚੂਹੜੇ-ਚਮਾਰ ਹੀ ਨਾ ਹੋਣ। ਸਿੱਖ ਨੇ ਤਾਂ ਸਿਰਫ਼ ਦੇਖਣਾ ਹੈ ਕਿ ਅਗਲੀ ਧਿਰ ਸਿੱਖ ਹੀ ਹੋਵੇ। ਜੀਭ ਦੇ ਸਵਾਦ ਲਈ ਅਸੀਂ ਉਪਦੇਸ਼ ਸੁਣਾਉਣ ਲੱਗ ਪੈਂਦੇ ਹਾਂ। ਜੇਕਰ ਆਪਣੇ ਨਿਆਰੇਪਨ 'ਚ ਰਹਾਂਗੇ ਤਾਂ ਦੂਜੇ ਲੋਕ ਵੀ ਸਾਡੀ ਤਾਰੀਫ਼ ਕਰਨਗੇ। ਨਿਆਰਾਪਨ ਰੱਖਾਂਗੇ ਤਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਦਾ ਕੁਝ ਸਵਰੇਗਾ, ਨਹੀਂ ਤਾਂ ਖੁਆਰ ਹੀ ਹੋਵਾਂਗੇ। ਵੇਦੀਨਾਂ ਦਾ ਖਾਵਾਂਗੇ ਤਾਂ ਸਾਡੀਆਂ ਆਉਣ ਵਾਲੀਆਂ ਨਸਲਾਂ ਵੀ ਉਸੇ ਤਰ੍ਹਾਂ ਦੀਆਂ ਪੈਦਾ ਹੋਣਗੀਆਂ। ਨਿਆਰੇਪਨ ਨੂੰ ਅਸੀਂ ਕੱਟੜਪੁਣਾ ਕਹਿ ਦਿੰਦੇ ਹਾਂ। ਇਹ ਕੱਟੜਪੁਣਾ ਨਹੀਂ ਸਗੋਂ ਗੁਰੂ ਪ੍ਰਤੀ ਪ੍ਰਪੱਕਤਾ ਹੈ। ਅਸੀਂ ਇੰਨੇ ਵੀ ਆਜ਼ਾਦ ਨਾ ਹੋਈਏ ਕਿ ਸਾਨੂੰ ਗੁਰੂ, ਅੰਮ੍ਰਿਤ ਵੇਲਾ, ਬਾਣੀ-ਬਾਣਾ ਹੀ ਭੁੱਲ ਜਾਵੇ। ਅਖ਼ੀਰ ਵਿਚ :

**ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥...੨॥** (ਮ. ੨, ਅੰਕ : ੮੩)

ਫ਼ੋਨ : 98558-20109.

# ਸੁਫ਼ਨਾ

ਜਸਮੀਤ ਸਿੰਘ ਕੈਨੇਡਾ

ਮਨੋਵਿਗਿਆਨੀਆਂ ਦੀ ਖੋਜ ਮੁਤਾਬਿਕ ਜਦੋਂ ਅਸੀਂ ਸੁਪਨ ਅਵਸਥਾ ਵਿਚ ਹੁੰਦੇ ਹਾਂ ਤਾਂ ਮਨ ਉਸ ਸਮੇਂ ਵੀ ਕੰਮ ਕਰ ਰਿਹਾ ਹੁੰਦਾ ਹੈ। ਸਿਗਮੰਡ ਫਰਾਇਡ ਅਤੇ ਕਾਰਲ ਜੁੰਗ ਨੇ ਆਪਣੀ ਸਾਰੀ ਜ਼ਿੰਦਗੀ ਸੁਫ਼ਨਿਆਂ ਦੇ ਵਰਤਾਰੇ ਨੂੰ ਸਮਝਣ ਵਿਚ ਬਤੀਤ ਕੀਤੀ ਅਤੇ ਇਨ੍ਹਾਂ ਸੁਫ਼ਨਿਆਂ ਬਾਰੇ ਇਹ ਦੱਸਿਆ ਕਿ ਸਾਡੇ ਅਵਚੇਤਨ ਮਨ ਵਲੋਂ ਕੁਝ ਸੰਕੇਤ ਮਿਲਦੇ ਹਨ ਜੋ ਸਾਡੀ ਅਧਿਆਤਮਕ ਅਵਸਥਾ ਨੂੰ ਉਤਾਂਹ ਚੁੱਕਣ ਵਿਚ ਸਹਾਈ ਹੁੰਦੇ ਹਨ ਅਤੇ ਇਹ ਸੰਕੇਤ ਮਨ ਦੀਆਂ ਅੰਦਰਲੀਆਂ ਗਹਿਰਾਈਆਂ ਵਿਚੋਂ ਨਿਕਲ ਕੇ ਸੁਫ਼ਨਿਆਂ ਦੇ ਰੂਪ ਵਿਚ ਦਿਸਦੇ ਹਨ, ਜਦੋਂ ਅਸੀਂ ਸੌਂ ਰਹੇ ਹੁੰਦੇ ਹਾਂ। ਇਹ ਖੋਜ ਭਾਵੇਂ ਪੱਛਮ ਦੀ ਹੋਵੇ ਅਤੇ ਇਸ ਦਾ ਗੁਰਮਤਿ ਨਾਲ ਸਬੰਧ ਨਾ ਵੀ ਹੋਵੇ ਪਰ ਇਸ ਨੂੰ ਪੂਰਨ ਤੌਰ ’ਤੇ ਨਕਾਰਿਆ ਵੀ ਨਹੀਂ ਜਾ ਸਕਦਾ।

ਮੈਂ ਅਕਸਰ ਆਪਣੇ ਸੁਫ਼ਨਿਆਂ ’ਚ ਬਹੁਤ ਦਿਲਚਸਪੀ ਰੱਖਦਾ ਹਾਂ ਅਤੇ ਯਤਨ ਕਰਦਾ ਹਾਂ ਕਿ ਇਨ੍ਹਾਂ ਨੂੰ ਲਿਖਤ ਵਿਚ ਲਿਆਇਆ ਕਰਾਂ। ਇਸ ਲੇਖ ਵਿਚ ਆਪਣੇ ਕਈ ਸੁਫ਼ਨਿਆਂ ਵਿਚੋਂ ਅਜਿਹਾ ਸੁਫ਼ਨਾ ਲਿਖਿਆ ਹੈ, ਜਿਸ ਵਿਚੋਂ ਕੀ ਸਿੱਖਿਆ ਮਿਲਦੀ ਹੈ? ਪਾਠਕ ਆਪਣੀ ਮਾਨਸਿਕ ਅਵਸਥਾ ਮੁਤਾਬਿਕ ਸਮਝ ਸਕਦੇ ਹਨ। ਸਾਲ ੨੦੦੭ ਵਿਚ ਅੰਮ੍ਰਿਤ ਛਕਣ ਤੋਂ ਬਾਅਦ ਕੁਝ ਸੁਫ਼ਨਿਆਂ ਵਿਚੋਂ ਇਕ ਸੁਫ਼ਨਾ ਇਸ ਤਰ੍ਹਾਂ ਆਇਆ।

ਚਾਨਣੀ ਰਾਤ ਵਿਚ ਇਕ ਪਹਾੜੀ ਉੱਤੇ ਪੱਧਰੀ ਜਗ੍ਹਾ (Ridge) ਬਣੀ ਹੋਈ ਸੀ। ਇਸ ਪੱਧਰੇ ਅਸਥਾਨ ਦੇ ਖੱਬੇ ਪਾਸੇ ਇਕ ਡੂੰਘੀ ਖਾਈ ਸੀ ਅਤੇ ਹੇਠਾਂ ਬਹੁਤ ਸੰਘਣਾ ਜੰਗਲ ਦਿਸਦਾ ਸੀ। ਇਸ ਪੱਧਰੀ ਜਗ੍ਹਾ ’ਤੇ ਇਕ ਪਹਾੜ ਕੱਟ ਕੇ ਜਿੱਦਾਂ ਕੋਈ ਗੁਫਾ ਬਣਾਈ ਹੋਈ ਸੀ ਅਤੇ ਇਸ ਗੁਫਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਇਸ ਗੁਫਾ ਦੇ ਸੱਜੇ ਪਾਸੇ ਕੁਝ ਪੌੜੀਆਂ ਉਤਾਂਹ ਵੱਲ ਨੂੰ ਜਾਂਦੀਆਂ ਸਨ ਅਤੇ ਖੱਬੇ ਪਾਸੇ ਇਕ ਦਰਵਾਜਾ ਸੀ ਜਿਸ ਦੀ ਮੈਂ ਪਹਿਰੇਦਾਰੀ ਕਰ ਰਿਹਾ ਸਾਂ। ਮੈਂ ਨੀਲਾ ਬਾਣਾ ਪਹਿਨਿਆ ਹੋਇਆ, ਗਲ਼ ਵਿਚ ਗਾਤਰੇ ਵੱਡੀ ਤੇਗ਼ ਅਤੇ ਹੱਥ ਵਿਚ ਬਰਛਾ ਫੜਿਆ ਹੋਇਆ ਸੀ। ਗੁਰੂ ਸਾਹਿਬ ਦੇ ਸਾਹਮਣੇ ਚਿੱਟੇ ਬਸਤਰ ਪਹਿਨੀ ਕੁਝ ਬੰਦੇ ਅਤੇ ਔਰਤਾਂ ਬੈਠੇ ਸਨ। ਇਕ-ਇਕ ਕਰਕੇ ਇਹ ਬੰਦੇ ਅਤੇ ਔਰਤਾਂ ਆਉਂਦੇ ਅਤੇ ਮੈਂ ਦਰਵਾਜਾ ਖੋਲ੍ਹ ਦਿੰਦਾ ਤੇ ਇਹ ਅੰਦਰ ਚਲੇ ਜਾਂਦੇ। ਮੈਨੂੰ ਇਸ ਗੱਲ ਦਾ ਗਿਆਨ ਨਹੀਂ ਸੀ ਕਿ ਉਸ ਦਰਵਾਜੇ ਤੋਂ ਪਰ੍ਹਾਂ ਕੀ ਹੈ। ਕੁਝ ਸਮਾਂ ਲੰਘਿਆ ਕਿ ਕੋਈ ਨਹੀਂ ਆਇਆ। ਇਤਨੇ ਨੂੰ ਇਕ ਬਹੁਤ ਲੰਮੇ ਕੱਦ ਦਾ ਨਿਹੰਗ ਸਿੰਘ ਉਸੇ ਗੁਫਾ ਦੇ ਸੱਜੇ ਪਾਸੇ ਵਾਲੀਆਂ ਪੌੜੀਆਂ ਤੋਂ ਹੇਠਾਂ ਉਤਰਿਆ ਅਤੇ ਸਾਰਿਆਂ ਨੇ ਉਨ੍ਹਾਂ ਦੇ ਕੋਲ ਜਾ ਕੇ ਫਤਿਹ ਬੁਲਾਈ ਅਤੇ ਗੁਜ਼ਾਰਿਸ਼ ਕੀਤੀ ਕਿ ਉਹ ਅੰਦਰ ਜਾਣਾ ਚਾਹੁੰਦੇ ਹਨ ਅਤੇ ਵੇਖਣਾ ਚਾਹੁੰਦੇ ਹਨ ਕਿ ਜਿਸ ਦਰਵਾਜੇ ਦੇ ਬਾਹਰ (ਮੈਂ) ਪਹਿਰੇਦਾਰ ਖਲੋਤਾ ਸੀ ਉਸ ਦੇ ਅੰਦਰ ਕੀ ਹੈ।

ਪਰ ਉਸ ਨਿਹੰਗ ਸਿੰਘ ਨੇ ਕਿਸੇ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਇਹ ਸਭ ਮਰਦ ਅਤੇ ਔਰਤਾਂ ਸਿੱਖ ਸਨ ਅਤੇ ਇਹ ਇਕ ਕਚਹਿਰੀ ਸੀ, ਜਿੱਥੇ ਸਿੱਖਾਂ ਨੂੰ ਪੰਜ ਭੌਤਿਕ ਸਰੀਰ ਤਿਆਗਣ ਤੋਂ ਬਾਅਦ ਸਜ਼ਾਵਾਂ ਦਿੱਤੀਆਂ ਜਾਂਦੀਆਂ ਹਨ। ਇਹ ਨਿਹੰਗ ਸਿੰਘ ਪਤਾ ਨਹੀਂ ਕਿ ਅਕਾਲ ਪੁਰਖ ਵਲੋਂ ਕੋਈ ਥਾਪਿਆ ਜਥੇਦਾਰ ਸੀ ਜਾਂ ਧਰਮਰਾਜ ਸੀ। ਇਹ ਇਕ ਫਰਲੇ ਵਾਲ਼ਾ ਨਿਹੰਗ ਸਿੰਘ ਸੀ, ਨੀਲਾ ਬਾਣਾ ਪਹਿਨਿਆ ਹੋਇਆ, ਗਲ਼ ’ਚ ਗਾਤਰੇ ਵੱਡੀ ਤੇਗ਼, ਰੰਗ ਸਾਂਵਲਾ, ਨੇਤਰ ਲਾਲ ਅਤੇ ਕੱਦ ਕੋਈ ੭ ਫੁੱਟ ਦੇ ਕਰੀਬ ਹੋਵੇਗਾ।

ਮੈਂ ਵੀ ਅਗਾਂਹ ਹੋ ਕੇ ਆਪ ਜੀ ਨੂੰ ਗੱਜ ਕੇ ਫਤਹਿ ਬੁਲਾਈ ਅਤੇ ਅੰਦਰ ਜਾਣ ਦੀ ਇਜਾਜ਼ਤ ਮੰਗੀ। ਆਪ ਜੀ ਦਾ ਰੂਪ ਬਹੁਤ ਭਿਆਨਕ ਜਾਪਦਾ ਸੀ ਪਰ ਆਪ ਜੀ ਬੇਹੱਦ ਨਿਮਰਤਾ ਨਾਲ ਭਰਪੂਰ ਸਨ। ਨਿਹੰਗ ਸਿੰਘ ਜੀ ਨੇ ਨਿਮਰਤਾ ਸਹਿਤ ਮੈਨੂੰ ਆਖਿਆ, ‘ਹਾਂ ਜੀ, ਹਾਂ ਜੀ! ਅੰਦਰ ਜਾਣਾ ਚਾਹੀਦੈ, ਵੇਖਣਾ ਚਾਹੀਦੈ, ਚਲੋ ਅੰਦਰ ਚੱਲੀਏ।’ ਇਤਨਾ ਕਹਿੰਦੇ ਆਪ ਜੀ ਨੇ ਮੇਰੇ ਸੱਜੇ ਮੋਢੇ ’ਤੇ ਆਪਣਾ ਹੱਥ ਰੱਖਿਆ ਅਤੇ ਮੈਨੂੰ ਅੰਦਰ ਲੈ ਗਏ। ਅੰਦਰ ਕੀ ਵੇਖਦੇ ਹਾਂ ਕਿ ਇਕ ਨਰਕ ਹੈ, ਜਿੱਥੇ ਖੂਨ ਦੀਆਂ ਨਾਲ਼ੀਆਂ ਵਗਦੀਆਂ ਸਨ। ਅੰਦਰ ਕੋਈ ਨਹੀਂ ਦਿਸਿਆ।

ਮੇਰੇ ਸੱਜੇ ਪਾਸਿਉਂ ਬਹੁਤ ਉੱਚੀ ਹਾਇ-ਹਾਇ ਦਾ ਚੀਕ-ਚਿਹਾੜਾ ਸੁਣ ਰਿਹਾ ਸੀ। ਮੈਂ ਨਿਹੰਗ ਸਿੰਘ ਨੂੰ ਸੱਜੇ ਪਾਸੇ ਚਿਹਰੇ ਨਾਲ ਇਸ਼ਾਰਾ ਕਰਕੇ ਆਖਿਆ, ‘ਇੱਥੇ ਬਹੁਤ ਚੀਕਾਂ ਦੀ ਆਵਾਜ਼ ਆ ਰਹੀ ਹੈ।’ ਉਨ੍ਹਾਂ ਦੱਸਿਆ ਕਿ, ‘ਜਿਹੜੇ ਅੰਮ੍ਰਿਤ ਛਕ ਕੇ ਨਾਮ ਨਹੀਂ ਜਪਦੇ ਉਨ੍ਹਾਂ ਨੂੰ ਇਹੀ ਕੁਝ ਭੁਗਤਣਾ ਪੈਂਦਾ ਹੈ। ਚਲੋ ਅਸੀਂ ਅਗਾਂਹ ਚੱਲੀਏ।’ ਅੱਗੇ ਇਕ ਸੰਗਲ਼ਾਂ ਦਾ ਸ਼ਿਕੰਜਾ ਸੀ ਜਿਸ ਦੇ ਨਾਲ ਹੀ ਬਹੁਤ ਭਿਆਨਕ ਲੋਹੇ ਦੇ ਕੰਡਿਆਂ ਵਾਲ਼ੇ ਸ਼ਸਤਰ ਪਏ ਸਨ। ਨਿਹੰਗ ਸਿੰਘ ਜੀ ਮੈਨੂੰ ਕਹਿਣ ਲੱਗੇ, ‘ਪੈਰ ਰੱਖੋ ਹਾਂ ਭਲਾ (ਸ਼ਿਕੰਜਿਆਂ ’ਚ)।’ ਮੈਂ ਪੈਰ ਰੱਖਦਿਆਂ ਸਾਰ ਹੀ ਪੁੱਠਾ ਟੰਗਿਆ ਗਿਆ ਅਤੇ ਮੇਰੇ ਹੱਥ ਪਿੱਛੇ ਮਸ਼ਕਾਂ ਕੱਸੀਆਂ ਗਈਆਂ। ਨਿਹੰਗ ਸਿੰਘ ਜੀ ਮੈਨੂੰ ਦੱਸਣ ਲੱਗੇ ਕਿ, ‘ਜੇਕਰ ਕੋਈ ਅੰਮ੍ਰਿਤਧਾਰੀ ਸਿੰਘ ਭੁੱਲ ਕਰਨ ਤੋਂ ਬਾਅਦ ਗੁਰੂ ਅੱਗੇ ਸਮਰਪਣ ਨਹੀਂ ਕਰਦਾ ਅਤੇ ਭੁੱਲ ਨਹੀਂ ਬਖ਼ਸ਼ਾਉਂਦਾ, ਉਸ ਨੂੰ ਇਸੇ ਤਰ੍ਹਾਂ ਪੁੱਠਾ ਟੰਗ ਕੇ ਸਿਰ ਵਿਚ ਸ਼ਸਤਰ ਮਾਰੇ ਜਾਂਦੇ ਹਨ ਅਤੇ ਸਜ਼ਾ ਦਿੱਤੀ ਜਾਂਦੀ ਹੈ।’

ਉਹ ਮੈਨੂੰ ਪੁੱਛਣ ਲੱਗੇ, ‘ਹਿੱਲਿਆ ਜਾਂਦਾ?’

ਮੈਂ ਆਖਿਆ, ਨਹੀਂ।

ਆਪ ਜੀ ਬੋਲੇ, ‘ਚਲੋ ਹੇਠਾਂ ਆ ਜਾਓ।’

ਇੰਨਾ ਕਹਿੰਦਿਆਂ ਹੀ ਮੈਂ ਅੱਖ ਝਪਕਣ ਜਿੰਨੀ ਦੇਰ ਵਿਚ ਹੇਠਾਂ ਉੱਤਰ ਆਇਆ ਅਤੇ ਨਿਹੰਗ ਸਿੰਘ ਜੀ ਦੇ ਕੋਲ ਖੜ੍ਹਾ ਹੋ ਗਿਆ। ਫੇਰ ਮੈਂ ਨਿਹੰਗ ਸਿੰਘ ਜੀ ਨੂੰ ਆਖਿਆ, ਕੀ ਹੁਣ ਅਸੀਂ ਵਾਪਸ ਚੱਲੀਏ? ਤਾਂ ਉਨ੍ਹਾਂ ਆਖਿਆ, ਚਲੋ ਚੱਲੀਏ।

ਬਾਹਰ ਜਾਂਦਿਆਂ ਹੀ ਉਹ ਨਿਹੰਗ ਸਿੰਘ ਅਲੋਪ ਹੋ ਗਏ ਅਤੇ ਮੈਨੂੰ ਉਸੇ ਦਰਵਾਜੇ ਦੇ ਬਾਹਰ ਚਿੱਟੇ ਕੱਪੜਿਆਂ ਵਿਚ ਇਕ ਔਰਤ ਵਿਖਾਈ ਦਿੱਤੀ । ਉਹ ਮਾਤਾ ਗੁਜਰੀ ਜੀ ਸਨ ਅਤੇ ਮੈਂ ‘ਮਾਤਾ ਜੀ’, ‘ਮਾਤਾ ਜੀ’ ਪੁਕਾਰਦਾ ਉਨ੍ਹਾਂ ਵੱਲ ਵਧਿਆ। ਮੇਰੇ ਬਾਹਰ ਨਿਕਲਦਿਆਂ ਹੀ ਉਹ ਅਲੋਪ ਹੋ ਗਏ ਅਤੇ ਜਿੰਨੇ ਵੀ ਬਾਹਰ ਸਿੱਖ ਬੈਠੇ ਸਨ ਉਹ ਸਾਰੇ ਦੀਵਿਆਂ ਵਾਂਗ ਬੁੱਝਦੇ ਇਕ-ਇਕ ਕਰਕੇ ਅਲੋਪ ਹੋ ਗਏ।

ਉਸ ਸਮੇਂ ਮੇਰੀ ਅੱਖ ਖੁੱਲ੍ਹੀ ਤੇ ਮੈਂ ਘਬਰਾਹਟ ਵਿਚ ਉੱਠਿਆ ਅਤੇ ਸਿੱਧਾ ਮੈਂ ਆਪਣੇ ਮਾਤਾ ਜੀ ਕੋਲ ਗਿਆ, ਜੋ ਉਸ ਸਮੇਂ ਰਸੋਈ ਵਿਚ ਭੋਜਨ ਬਣਾ ਰਹੇ ਸਨ। ਇਹ ਸੁਫ਼ਨਾ ਮੈਂ ਉਨ੍ਹਾਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਵਲੋਂ ਸੰਕੇਤ ਹੈ ਕਿ ਸਿਮਰਨ-ਭਗਤੀ ਵਿਚ ਜੁੜਨਾ ਚਾਹੀਦਾ ਹੈ, ਜੋ ਸਾਡਾ ਸੰਸਾਰ ’ਤੇ ਆਉਣ ਦਾ ਪ੍ਰਮੁੱਖ ਮਨੋਰਥ ਹੈ।

# ਸਿੱਖ ਦਾ ਮੁੱਢਲਾ ਕਰਮ
# ਬਾਣੀ ਪੜ੍ਹਨਾ ਅਤੇ ਸਿਮਰਨ ਕਰਨਾ

ਭਾਈ ਰੇਸ਼ਮ ਸਿੰਘ*



ਅੱਜ ਵੀ ਜਦੋਂ ਅਸੀਂ ਪਾਵਨ ਗੁਰਬਾਣੀ ਦੇ ਉਪਦੇਸ਼ਾਂ ’ਤੇ ਅਮਲ ਕਰਨ ਵਾਲੇ ਪਿਆਰੇ, ਭਗਤਾਂ ਅਤੇ ਪਿਆਰੇ ਗੁਰਸਿੱਖਾਂ ਦੇ ਦਰਸ਼ਨ ਕਰਦੇ ਹਾਂ ਤਾਂ ਸਾਡੇ ਮਨ ਅੰਦਰ ਵੀ ਵਾਹਿਗੁਰੂ ਜੀ ਦੇ ਸਿਮਰਨ ਕਰਨ ਦਾ ਬਹੁਤ ਵੱਡਾ ਚਾਅ ਪੈਦਾ ਹੋ ਜਾਂਦਾ ਹੈ। ਪਰ ਅਫ਼ਸੋਸ ਹੈ ਕਿ ਅੱਜ ਮਾਇਆ ਦੇ ਰੁਝੇਵਿਆਂ ਦੇ ਵੱਧ ਜਾਣ ਕਰਕੇ ਜ਼ਿਆਦਾ ਸਿੱਖ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਪਾਵਨ ਗੁਰਬਾਣੀ ਪਿਆਰ ਨਾਲ ਪੜ੍ਹਨ ਤੋਂ ਅਵੇਸਲੇ ਹੋ ਰਹੇ ਹਨ ਜਦੋਂ ਕਿ ਸਿੱਖ ਦਾ ਅਸਲੀ ਜੀਵਨ ਹੀ ਸਤਿਗੁਰੂ ਜੀ ਦੀ ਪਾਵਨ ਬਾਣੀ ਅਤੇ ਵਾਹਿਗੁਰੂ ਜੀ ਦਾ ਸਿਮਰਨ ਹੈ।

ਸ੍ਰੀ ਸੁਖਮਨੀ ਸਾਹਿਬ ਦੀ ਸਮੂਹ ਪਾਵਨ ਬਾਣੀ ਨੂੰ ਬਹੁਤ ਹੀ ਪਿਆਰ ਨਾਲ ਪੜ੍ਹ ਕੇ ਅਤੇ ਵਿਚਾਰ ਕੇ ਵੇਖੋ, ਤੁਹਾਨੂੰ ਹਰ ਪਾਵਨ ਪੰਕਤੀ ਵਿਚੋਂ ਵਾਹਿਗੁਰੂ ਜੀ ਦੇ ਸਿਮਰਨ ਕਰਨ ਬਾਰੇ ਹੀ ਪ੍ਰੇਰਨਾ ਆ ਰਹੀ ਹੋਵੇਗੀ। ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਸ ਪਾਵਨ ਬਾਣੀ ਦੀਆਂ ਪਿਆਰੀਆਂ ਪੋਥੀਆਂ ਆਪਣੇ ਪਿਆਰੇ ਗੁਰਸਿੱਖਾਂ ਕੋਲੋਂ ਲਿਖਵਾ ਕੇ, ਸਿੱਖ ਸੰਗਤਾਂ ਨੂੰ ਤਾਰਨ ਲਈ, ਸੰਗਤਾਂ ਵਿਚ ਵੰਡੀਆਂ ਸਨ ਤਾਂ ਉਸ ਵਕਤ ਦੇ ਬਹੁਤ ਹੀ ਪਿਆਰੇ ਗੁਰਸਿੱਖਾਂ ਨੇ ਜਦੋਂ ਇਹ ਪਾਵਨ ਬਾਣੀ ਬਹੁਤ ਹੀ ਪਿਆਰ ਨਾਲ ਪੜ੍ਹੀ, ਸੁਣੀ ਅਤੇ ਬਹੁਤ ਹੀ ਗਹੁ ਨਾਲ ਵੀਚਾਰੀ ਤਾਂ ਇਸ ਪਵਿੱਤਰ ਬਾਣੀ ਨੇ ਉਨ੍ਹਾਂ ਪਿਆਰੇ ਗੁਰਸਿੱਖਾਂ ਦੇ ਹਿਰਦਿਆਂ ਉੱਤੇ ਵਾਹਿਗੁਰੂ ਜੀ ਦੇ ਸਿਮਰਨ ਕਰਨ ਦਾ ਬਹੁਤ ਹੀ ਗਹਿਰਾ ਅਸਰ ਪਾਇਆ, ਜਿਸ ਸਦਕਾ ਉਨ੍ਹਾਂ ਮਹਾਨ ਗੁਰਸਿੱਖਾਂ ਦੇ ਹਿਰਦਿਆਂ ਅੰਦਰ ਸਤਿ, ਸੰਤੋਖ, ਦਇਆ, ਧਰਮ ਅਤੇ ਪ੍ਰੇਮ ਦਾ ਵੱਡਾ ਖ਼ਜ਼ਾਨਾ ਪੈਦਾ ਹੋ ਗਿਆ। ਉਨ੍ਹਾਂ ਪੁਰਾਣੇ ਮਹਾਨ ਗੁਰਸਿੱਖਾਂ ਦਾ ਇਤਿਹਾਸ ਪੜ੍ਹ ਕੇ ਤਾਂ ਵੇਖੋ ਕਿ ਉਹ ਹਰ ਰੋਜ਼ ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ ਅਤੇ ਹੋਰ ਪਾਵਨ ਬਾਣੀਆਂ ਦੇ ਕਿੰਨੇ-ਕਿੰਨੇ ਪਾਠ ਕਰਦੇ ਹੁੰਦੇ ਸਨ। ਉਹ ਸਿੱਖ ਦੁਨਿਆਵੀ ਮਾਇਆ ਦੇ ਰੁਝੇਵਿਆਂ ਨਾਲੋਂ ਸਤਿਗੁਰੂ ਜੀ ਦੀ ਪਵਿੱਤਰ ਬਾਣੀ ਅਤੇ ਨਾਮ-ਸਿਮਰਨ ਦੇ ਅਭਿਆਸ ਵੱਲ ਜ਼ਿਆਦਾ ਧਿਆਨ ਦਿੰਦੇ ਹੁੰਦੇ ਸਨ। ਇਸੇ ਕਰਕੇ ਹੀ ਉਨ੍ਹਾਂ ਪਿਆਰੇ ਗੁਰਸਿੱਖਾਂ ਨੇ ਆਪਣੇ ਮਨ ਦੀਆਂ ਖ਼ਾਹਿਸ਼ਾਂ ’ਤੇ ਵੱਡਾ ਕਾਬੂ ਪਾ ਕੇ, ਸਦਾ ਹੀ ਸਾਦੇ ਜੀਵਨ ਦਾ ਅਮਲੀ ਚੋਲਾ ਪਾਇਆ ਹੋਇਆ ਹੁੰਦਾ ਸੀ।

ਅੱਜ ਵੀ ਜਦੋਂ ਅਸੀਂ ਪਾਵਨ ਗੁਰਬਾਣੀ ਦੇ ਉਪਦੇਸ਼ਾਂ ’ਤੇ ਅਮਲ ਕਰਨ ਵਾਲੇ ਪਿਆਰੇ, ਭਗਤਾਂ ਅਤੇ ਪਿਆਰੇ ਗੁਰਸਿੱਖਾਂ ਦੇ ਦਰਸ਼ਨ ਕਰਦੇ ਹਾਂ ਤਾਂ ਸਾਡੇ ਮਨ ਅੰਦਰ ਵੀ ਵਾਹਿਗੁਰੂ ਜੀ ਦੇ ਸਿਮਰਨ ਕਰਨ ਦਾ ਬਹੁਤ ਵੱਡਾ ਚਾਅ ਪੈਦਾ ਹੋ ਜਾਂਦਾ ਹੈ। ਪਰ ਅਫ਼ਸੋਸ ਹੈ ਕਿ ਅੱਜ ਮਾਇਆ ਦੇ ਰੁਝੇਵਿਆਂ ਦੇ ਵੱਧ ਜਾਣ ਕਰਕੇ ਜ਼ਿਆਦਾ ਸਿੱਖ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਪਾਵਨ ਗੁਰਬਾਣੀ ਪਿਆਰ ਨਾਲ ਪੜ੍ਹਨ ਤੋਂ ਅਵੇਸਲੇ ਹੋ ਰਹੇ ਹਨ ਜਦੋਂ ਕਿ ਸਿੱਖ ਦਾ ਅਸਲੀ ਜੀਵਨ ਹੀ ਸਤਿਗੁਰੂ ਜੀ ਦੀ ਪਾਵਨ ਬਾਣੀ ਅਤੇ ਵਾਹਿਗੁਰੂ ਜੀ ਦਾ ਸਿਮਰਨ ਹੈ। ਗੁਰੂ ਕੇ ਪਿਆਰਿਓ, ਹਰ ਸਿੱਖ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦੇ ਸਾਧਾਰਨ ਪਾਠ ਦੇ ਭੋਗ ਆਪੋ-ਆਪਣੇ ਘਰਾਂ ਵਿਚ ਪਾਉਂਦੇ ਹੀ ਰਹਿਣਾ ਚਾਹੀਦਾ ਹੈ, ਪਰ ਜੇ ਕੋਈ ਸਿੱਖ ਇਤਨਾ ਉੱਦਮ ਨਹੀਂ ਕਰ ਸਕਦਾ ਤਾਂ ਮਹਾਨ ਸਤਿਗੁਰਾਂ ਨੇ ਇਸੇ ਕਰਕੇ ਹੀ ਸ੍ਰੀ ਸੁਖਮਨੀ ਸਾਹਿਬ, ਸ੍ਰੀ ਜਪੁਜੀ ਸਾਹਿਬ, ਸ੍ਰੀ ਅਨੰਦ ਸਾਹਿਬ, ਸ੍ਰੀ ਚੌਪਈ ਸਾਹਿਬ ਅਤੇ ਸ੍ਰੀ ਜਾਪੁ ਸਾਹਿਬ ਜੀ ਦੀਆਂ ਪਿਆਰੀਆਂ ਬਾਣੀਆਂ ਰਚ ਦਿੱਤੀਆਂ ਸਨ, ਉਹ ਇਸ ਕਰਕੇ ਕਿ ਪਿਆਰੇ ਸਿੱਖ ਜਿੱਥੇ ਹਰ ਰੋਜ਼ ਆਪਣੇ ਕਾਰੋਬਾਰ, ਨੌਕਰੀ, ਵਾਪਾਰ, ਵਾਹੀ ਜਾਂ ਹੋਰ ਧੰਦਿਆਂ ਰਾਹੀਂ ਸੱਚੀ ਅਤੇ ਸੁੱਚੀ ਕਿਰਤ-ਕਮਾਈ ਕਰਨ, ਉਥੇ ਇਹ ਪਾਵਨ ਤੇ ਪਵਿੱਤਰ ਬਾਣੀਆਂ ਆਪਣੇ ਹਿਰਦੇ ਅੰਦਰ ਕੰਠ ਕਰਕੇ ਅਤੇ ਬਾਣੀ ਦੇ ਉਪਦੇਸ਼ਾਂ ’ਤੇ ਅਮਲ ਕਰਕੇ, ਹਰ ਵਕਤ ‘ਵਾਹਿਗੁਰੂ’ ਗੁਰਮੰਤ੍ਰ ਦਾ ਜਾਪ ਬਹੁਤ ਹੀ ਪਿਆਰ ਨਾਲ ਕਰਦੇ ਹੀ ਰਿਹਾ ਕਰਨ।

ਗੁਰੂ ਕੇ ਪਿਆਰਿਓ! ਪਾਵਨ ਗੁਰਬਾਣੀ ਸੁਖਮਨੀ ਸਾਹਿਬ ਜੀ ਦੀ ਹੋਵੇ ਜਾਂ ਜਪੁਜੀ ਸਾਹਿਬ ਜੀ ਦੀ, ਚੌਪਈ ਸਾਹਿਬ ਜੀ ਦੀ ਹੋਵੇ ਜਾਂ ਅਨੰਦ ਸਾਹਿਬ ਜੀ ਦੀ, ਸਾਰੀ ਪਾਵਨ ਗੁਰਬਾਣੀ ਵਾਹਿਗੁਰੂ ਜੀ ਦੇ ਪਿਆਰੇ ਸਿਮਰਨ ਦੇ ਰਸ ਨਾਲ ਹੀ ਭਰੀ ਪਈ ਹੈ। ਮਿਸਾਲ ਦੇ ਤੌਰ 'ਤੇ ਜਿਸ ਤਰ੍ਹਾਂ ਮਹਾਨ ਸਤਿਗੁਰੂ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਹਿਲੀ ਅਸਟਪਦੀ ਦੀ ੫ਵੀਂ ਪਉੜੀ ਦੇ ਪਵਿੱਤਰ ਉਪਦੇਸ਼ ਵਿਚ ਇਕ ਗੁਰੂ ਕੇ ਪਿਆਰੇ ਸਿੱਖ ਦੇ ਜੀਵਨ ਦੀ ਬਹੁਤ ਹੀ ਸੋਹਣੀ ਘਾੜਤ ਘੜੀ ਹੈ ਕਿ ਮੇਰਾ ਬਹੁਤ ਵੱਡੇ ਧਨ ਵਾਲਾ, ਇੱਜ਼ਤ ਵਾਲਾ ਅਤੇ ਰਾਜਾ ਸਿੱਖ ਕਿਹੜਾ ਹੋਵੇਗਾ, ਐਸੇ ਸਿੱਖ ਬਾਰੇ ਸਤਿਗੁਰੂ ਜੀ ਇਸ ਪਾਵਨ ਪਦੇ ਦੇ ਉਪਦੇਸ਼ ਵਿਚ ਫ਼ੁਰਮਾ ਰਹੇ ਹਨ:

**ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥...॥੫॥** (ਅੰਕ :੨੬੩)

ਮਹਾਨ ਸਤਿਗੁਰੂ ਜੀ ਸਿੱਖ ਨੂੰ ਦ੍ਰਿੜ੍ਹ ਕਰਵਾ ਰਹੇ ਹਨ ਕਿ ਸਾਡੀਆਂ ਨਜ਼ਰਾਂ ਵਿਚ ਉਹ ਸਿੱਖ ਹੀ ਬਹੁਤ ਵੱਡੇ ਧਨ ਵਾਲਾ ਅਤੇ ਵੱਡੀ ਇੱਜ਼ਤ ਵਾਲਾ ਹੋਵੇਗਾ, ਜੋ ਸਿੱਖ ਆਪਣੇ ਮੁੱਖ ਵਿਚੋਂ ਹਰ ਸਵਾਸ-ਸਵਾਸ ਨਾਲ ਵਾਹਿਗੁਰੂ ਜੀ ਦਾ ਪਿਆਰਾ ਸਿਮਰਨ ਕਰਨ ਦਾ ਪੱਕਾ ਧਾਰਨੀ ਹੋ ਜਾਵੇਗਾ:

**ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥...॥੫॥** (ਅੰਕ :੨੬੩)

ਮਹਾਨ ਸਤਿਗੁਰੂ ਜੀ ਅੱਗੇ ਫ਼ੁਰਮਾ ਰਹੇ ਹਨ ਕਿ ਸਾਡੇ ਪਵਿੱਤਰ ਦਰ 'ਤੇ ਉਹ ਸਿੱਖ ਹੀ ਪ੍ਰਵਾਨ ਹੋਵੇਗਾ ਅਤੇ ਉਹ ਸਿੱਖ ਹੀ ਸਾਡਾ ਮੁਖੀ ਸਿੱਖ ਹੋਵੇਗਾ, ਜਿਹੜਾ ਸਿੱਖ ਵਾਹਿਗੁਰੂ ਜੀ ਦੇ ਗੁਰਮੰਤ੍ਰ ਨੂੰ ਆਪਣੇ ਹਿਰਦੇ ਅੰਦਰ ਪੂਰੀ ਤਰ੍ਹਾਂ ਵਸਾ ਲਵੇਗਾ:

**ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥...॥੫॥** (ਅੰਕ :੨੬੩)

ਮਹਾਨ ਸਤਿਗੁਰੂ ਜੀ ਅੱਗੇ ਉਪਦੇਸ਼ ਕਰ ਰਹੇ ਹਨ ਕਿ ਸਾਡੀਆਂ ਨਜ਼ਰਾਂ ਵਿਚ ਉਹ ਸਿੱਖ ਕਦੇ ਵੀ ਕਿਸੇ ਦਾ ਮੁਹਤਾਜ ਨਹੀਂ ਹੋਵੇਗਾ, ਅਤੇ ਸਾਡਾ ਰਾਜਾ ਪੁੱਤਰ ਹੋਵੇਗਾ, ਜੋ ਸਿੱਖ ਸਾਡੇ ਇਸ ਪਾਵਨ ਪੰਕਤੀਆਂ ਦੇ ਉਪਦੇਸ਼ ਨੂੰ ਪੂਰੀ ਤਰ੍ਹਾਂ ਮੰਨਦਾ ਹੋਇਆ ਹਰ ਵਕਤ ਵਾਹਿਗੁਰੂ ਜੀ ਦੇ ਨਾਮ ਨੂੰ ਮਾਲਾ ਦੇ ਮੋਤੀਆਂ ਵਾਂਗੂੰ ਆਪਣੇ ਹਿਰਦੇ ਅੰਦਰ ਪਰੋ ਲਵੇਗਾ:

**ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥...॥੫॥** (ਅੰਕ :੨੬੩)

ਸਤਿਗੁਰੂ ਜੀ ਅੱਗੇ ਫ਼ੁਰਮਾ ਰਹੇ ਹਨ ਕਿ ਅਸੀਂ ਉਸ ਸਿੱਖ ਨੂੰ ਲੋਕ ਅਤੇ ਪਰਲੋਕ ਦੋਵਾਂ ਥਾਵਾਂ 'ਤੇ ਪੂਰਾ ਸੁਖੀ ਰੱਖ ਕੇ, ਨਿਹਾਲ-ਨਿਹਾਲ ਕਰਕੇ ਰੱਖਾਂਗੇ ਅਤੇ ਐਸੇ ਸਿੱਖ ਨੂੰ ਜਿਉਂਦਾ ਹੀ ਮੁਕਤ ਕਰ ਦੇਵਾਂਗੇ ਜੋ ਸਿੱਖ ਵਾਹਿਗੁਰੂ ਜੀ ਦੇ ਸਿਮਰਨ ਨੂੰ ਆਪਣੀ ਜਿੰਦ-ਜਾਨ ਤੋਂ ਵੀ ਪਿਆਰਾ ਬਣਾ ਕੇ ਸਾਡੀਆਂ ਵੱਡੀਆਂ ਖੁਸ਼ੀਆਂ ਲੈਣ ਦਾ ਸਦਾ ਯਤਨ ਕਰਦਾ ਹੀ ਰਹੇਗਾ:

**ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗੈ ਰਵਾਲਾ ॥੫॥** (ਅੰਕ :੨੬੩)

ਪਉੜੀ ਦੇ ਅਖ਼ੀਰ ਵਿਚ ਮਹਾਨ ਸਤਿਗੁਰੂ ਜੀ ਸਿੱਖ ਨੂੰ ਦ੍ਰਿੜ੍ਹ ਕਰਵਾ ਰਹੇ ਹਨ ਕਿ ਜਿਹੜਾ ਵੀ ਪਿਆਰਾ ਸਿੱਖ ਸਾਡੇ ਇਸ ਪਵਿੱਤਰ ਉਪਦੇਸ਼ 'ਤੇ ਅਮਲ ਕਰਦਾ ਹੋਇਆ ਵਾਹਿਗੁਰੂ ਜੀ ਦੇ ਪਿਆਰੇ ਸਿਮਰਨ ਨਾਲ ਸਦਾ-ਸਦਾ ਲਈ ਜੁੜ ਜਾਵੇਗਾ, ਐਸੇ ਸਿੱਖ 'ਤੇ ਮਹਾਨ ਸਤਿਗੁਰੂ ਜੀ ਸਦਾ-ਸਦਾ ਲਈ ਬਲਿਹਾਰ-ਬਲਿਹਾਰ ਜਾਂਦੇ ਹਨ।

ਹੁਣ ਆਪਾਂ ਬਹੁਤ ਹੀ ਗਹੁ ਨਾਲ ਵਿਚਾਰ ਕਰਕੇ ਵੇਖੀਏ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੂਹ ਪਾਵਨ ਬਾਣੀ ਸਿੱਖ ਨੂੰ ਸਿਮਰਨ ਕਰਨ ਵੱਲ ਹੀ ਪ੍ਰੇਰ ਰਹੀ ਹੈ ਕਿ ਅਸੀਂ ਮਹਾਨ ਸਤਿਗੁਰੂ ਜੀ ਦੇ ਉਪਦੇਸ਼ਾਂ 'ਤੇ ਅੱਜ ਤੱਕ ਅਮਲ ਕੀਤਾ ਹੈ ਕਿ ਨਹੀਂ। ਗੁਰੂ ਕੇ ਪਿਆਰਿਓ, ਮਹਾਨ ਸਤਿਗੁਰੂ ਜੀ ਨੇ ਤਾਂ ਵਾਰ-ਵਾਰ ਪਵਿੱਤਰ ਗੁਰਬਾਣੀ ਵਿਚ ਉਪਦੇਸ਼ ਕੀਤਾ ਹੈ ਕਿ ਪਿਆਰਿਆ! ਯਾਦ ਰੱਖੀਂ, ਉਸ ਰੱਬ ਦੀ ਸੱਚੀ ਦਰਗਾਹ ਵਿਚ ਵਾਹਿਗੁਰੂ ਦੇ ਪਿਆਰੇ ਸਿਮਰਨ ਨੇ ਹੀ ਤੇਰਾ ਛੁਟਕਾਰਾ ਕਰਵਾਉਣਾ ਹੈ। ਸੋ, ਜਿਸ ਵੀ ਪਿਆਰੇ ਗੁਰਸਿੱਖ ਨੇ ਮਹਾਨ ਸਤਿਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਖੁਸ਼ੀ ਪ੍ਰਾਪਤ ਕਰਨੀ ਹੋਵੇ, ਉਹ ਸਿੱਖ ਅੱਜ ਹੀ ਆਪੋ-ਆਪਣੇ ਹਿਰਦੇ ਅੰਦਰ ਬਹੁਤ ਹੀ ਪਿਆਰ ਨਾਲ ਸਤਿਗੁਰੂ ਜੀ ਦੇ ਚਰਨਾਂ ਵਿਚ ਦੋਵੇਂ ਹੱਥ ਜੋੜ ਕੇ ਅਰਦਾਸ ਕਰੇ ਕਿ, ਸਤਿਗੁਰੂ ਜੀ, ਮੈਂ ਅੱਜ ਤੋਂ ਹਰ ਰੋਜ਼ ਜਿੱਥੇ ਆਪ ਜੀ ਦੀ ਪਾਵਨ ਤੇ ਪਵਿੱਤਰ ਗੁਰਬਾਣੀ ਦੇ ਪਾਠ ਬਹੁਤ ਹੀ ਪਿਆਰ ਨਾਲ ਕਰਾਂ, ਸੁਣਾਂ, ਉਥੇ ਆਪ ਜੀ ਦੀ ਪਾਵਨ ਬਾਣੀ ਦੇ ਹਰ ਉਪਦੇਸ਼ 'ਤੇ ਅਮਲ ਕਰਦਾ ਹੋਇਆ ਹਰ ਵਕਤ ਵਾਹਿਗੁਰੂ ਜੀ ਦਾ ਪਿਆਰਾ ਸਿਮਰਨ ਕਰਨ ਦਾ ਸਦਾ-ਸਦਾ ਲਈ ਯਤਨ ਕਰਦਾ ਹੀ ਰਹਾਂ, ਮੈਨੂੰ ਐਸਾ ਬਲ ਬਖ਼ਸ਼ੋ ਅਤੇ ਮੇਰੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੋ।■■

## ਜਵਾਨ ਇਸਤ੍ਰੀਆਂ ਲਈ ਗਾਤਰੇ ਕਿਰਪਾਨ ਤੇ ਸਿਰ 'ਤੇ ਦਸਤਾਰ ਕਿਉਂ ਜ਼ਰੂਰੀ ?



ਮੈਂ ਇਕ ਹਿੰਦੂ ਪਰਿਵਾਰ ਵਿਚ ਪੈਦਾ ਹੋਇਆ ਅਤੇ ਇਸੀ ਪਰਿਵਾਰ ਵਿਚ ਦੇਖ-ਭਾਲ ਹੋਈ। ਮੇਰੇ ਪਿੰਡ ਦੇ ਸਭ ਹਿੰਦੂ ਭੀ ਪਗੜੀ ਬੰਨ੍ਹਦੇ ਸਨ। ਕਸ਼ੱਤਰੀਆਂ ਅਤੇ ਬ੍ਰਾਹਮਣਾਂ ਵਿਚ ਸਭ ਲੋਕ ਦਾੜ੍ਹੀ ਰੱਖਦੇ ਸਨ। ਮੇਰਾ ਹਿੰਦੂ ਪਿਤਾ ਲਾਲਾ ਸ਼ਿਬੂ ਮੱਲ ਭੀ ਦਾੜ੍ਹੀ ਰੱਖਦਾ ਸੀ ਅਤੇ ਸਿਰ ਉੱਤੇ ਵੱਡੀ ਪਗੜੀ ਬੰਨ੍ਹਦਾ ਸੀ। ਬਟਵਾਰੇ ਤੋਂ ਪਹਿਲਾਂ ਪੰਜਾਬ ਦੀ ਰਾਜਧਾਨੀ ਲਾਹੌਰ ਦਾ ਇਕ ਮੰਨਿਆ ਹੋਇਆ ਡਾਕਟਰ ਬੇਲੀ ਰਾਮ ਇਹ ਉਪਦੇਸ਼ ਦੇਂਦਾ ਹੁੰਦਾ ਸੀ ਕਿ ਸਰਦੀਆਂ ਵਿਚ ਜੇਕਰ ਗਲੇ ਦੀਆਂ ਬੀਮਾਰੀਆਂ ਤੋਂ ਬਚਣਾ ਚਾਹੁੰਦੇ ਹੋ ਤਾਂ ਦਾੜ੍ਹੀ ਰੱਖੋ। ਜਿਹੜੀ ਬੀਬੀ ਗਾਤਰੇ ਵਾਲੀ ਕਿਰਪਾਨ ਪਹਿਨਦੀ ਹੋਵੇ, ਉਹ ਚਾਹੇ ਕਿਤਨੀ ਭੀ ਖੂਬਸੂਰਤ ਹੋਵੇ, ਬੁਰੀ ਨਜ਼ਰ ਰੱਖਣ ਵਾਲੇ ਕਿਸੀ ਵਿਅਕਤੀ ਨੂੰ ਉਸ ਦੇ ਸਾਹਮਣੇ ਜਾਣ ਦੀ ਹਿੰਮਤ ਨਹੀਂ ਪੈ ਸਕਦੀ। ਪਰ ਜੇਕਰ ਕਿਸੀ ਖੂਬਸੂਰਤ ਤੋਂ ਖੂਬਸੂਰਤ ਲੜਕੀ ਨੇ ਗਾਤਰੇ ਵਾਲੀ ਕਿਰਪਾਨ ਭੀ ਪਾਈ ਹੋਵੇ ਅਤੇ ਸਿਰ ਉੱਤੇ ਦਸਤਾਰ ਭੀ ਪਹਿਨੀ ਹੋਵੇ ਤਾਂ ਕਿਸੇ ਬੁਰੀ ਤੋਂ ਬੁਰੀ ਨਜ਼ਰ ਵਾਲੇ ਆਦਮੀ ਦੇ ਦਿਲ ਵਿਚ ਉਸ ਦੇ ਪ੍ਰਤੀ ਖੋਟੀ ਭਾਵਨਾ ਨਹੀਂ ਪੈਦਾ ਹੋ ਸਕਦੀ, ਬਲਕਿ ਉਸ ਦੇ ਪ੍ਰਤੀ ਉਸ ਦਾ ਸਿਰ ਉਸੀ ਤਰ੍ਹਾਂ ਨਾਲ ਝੁਕ ਜਾਵੇਗਾ, ਜਿਸ ਤਰ੍ਹਾਂ ਕਿਸੇ ਮਹਾਂਪੁਰਸ਼ ਦੇ ਦਰਸ਼ਨ ਕਰਨ ਨਾਲ ਉਸ ਦੇ ਸਤਿਕਾਰ ਵਿਚ ਝੁਕ ਜਾਂਦਾ ਹੈ। ਸੰਸਾਰ ਵਿਚ ਹਰੇਕ ਵਿਅਕਤੀ ਨੂੰ ਕੋਈ ਨਾ ਕੋਈ ਘਾਟ ਜ਼ਰੂਰ ਹੁੰਦੀ ਹੈ, ਜਿਸ ਦੇ ਗ਼ਮ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਭਗਵਾਨ ਕੋਲੋਂ ਆਪਣੀਆਂ ਮੰਗਾਂ ਮੰਗਣੀਆਂ ਹੁੰਦੀਆਂ ਹਨ। ਕਿਰਪਾਨ ਅਤੇ ਦਸਤਾਰ ਸਿੱਖ ਪੰਥ ਦੀ ਸ਼ਕਤੀ, ਆਨ ਅਤੇ ਸ਼ਾਨ ਦੇ ਵੈਸੇ ਹੀ ਚਿੰਨ੍ਹ ਹਨ, ਜੈਸੇ ਸਰਕਾਰ ਦੀ ਸ਼ਕਤੀ, ਆਨ ਅਤੇ ਸ਼ਾਨ ਦੇ ਚਿੰਨ੍ਹ ਪੁਲਿਸ ਅਤੇ ਸਿਪਾਹੀ ਦੀ ਪੇਟੀ ਹੁੰਦੀ ਹੈ।

(ਭਗਤ ਪੂਰਨ ਸਿੰਘ ਜੀ ਦੀ ਪੁਸਤਕ 'ਸਿੱਖ ਬੀਬੀਆਂ ਦਾ ਪਹਿਰਾਵਾ' ਵਿਚੋਂ)

# ਭਾਰਤ ਦੀ ਆਜ਼ਾਦੀ ਵਿਚ ਸਿੱਖਾਂ ਦਾ ਯੋਗਦਾਨ

**ਪ੍ਰਿੰਸੀਪਲ ਸਤਿਬੀਰ ਸਿੰਘ ਜੀ**

ਪਾਕਿਸਤਾਨ ਦੀ ਜ਼ਮੀਨ ਸਰ ਸਯਦ ਅਹਿਮਦ ਖਾਨ ਨੇ ਬਣਾਈ, ਨਕਸ਼ਾ ਸਰ ਮੁਹੰਮਦ ਇਕਬਾਲ ਨੇ, ਨੀਹਾਂ ਮੌਲਾਨਾ ਮੁਹੰਮਦ ਅਲੀ ਜੌਹਰ ਨੇ ਅਤੇ ਦੀਵਾਰਾਂ ਤੇ ਛੱਤਾਂ ਮੁਹੰਮਦ ਅਲੀ ਜਿਨਾਹ ਨੇ ਪਾਈਆਂ। ਬਾਕੀ ਲਿਆਕਤ ਅਲੀ ਤੇ ਦੂਜੇ ਤਾਂ ਰੰਗ-ਰੋਗਨ ਹੀ ਕਰਦੇ ਰਹੇ। ਇਸ ਤਰ੍ਹਾਂ ਭਾਰਤ ਦੀ ਆਜ਼ਾਦੀ ਬਾਰੇ ਆਖਿਆ ਜਾ ਸਕਦਾ ਹੈ ਕਿ ਜ਼ਮੀਨ 'ਬਾਬਿਆਂ' (੧੯੦੭ ਤੋਂ ੧੯੧੯) ਨੇ ਤਿਆਰ ਕੀਤੀ, ਨਕਸ਼ਾ ਜੱਲਿਆਂਵਾਲੇ ਬਾਗ਼ ਵਿਚ ਤਿਆਰ ਹੋਇਆ, 'ਨੀਂਹ' ਗੁਰੂ ਕੇ ਬਾਗ ਠੀਕ ੧੫ ਅਗਸਤ ੧੯੪੭ ਤੋਂ ਪੰਜੀਹ ਵਰ੍ਹੇ ਪਹਿਲਾਂ ੨੧ ਅਗਸਤ ੧੯੨੨ ਨੂੰ ਰੱਖੀ ਗਈ, ਦੀਵਾਰਾਂ ਰਾਵੀ ਦੇ ਕਿਨਾਰੇ ੧੯੩੦ ਨੂੰ, ਤੇ ਛੱਤ ਆਜ਼ਾਦ ਹਿੰਦ ਫ਼ੌਜ ਨੇ ਪਾਈ। ਬਾਕੀ ਸਭ ਤਾਂ ਕੂਚੀਆਂ ਫੜ ਰੰਗ-ਰੋਗਨ ਹੀ ਕਰਦੇ ਰਹੇ।

ਪਾਕਿਸਤਾਨ ਬਣਾਉਣ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਜ਼ਮੀਨ ਸਰ ਸਯਦ ਅਹਿਮਦ ਖਾਨ ਨੇ ਬਣਾਈ, ਨਕਸ਼ਾ ਸਰ ਮੁਹੰਮਦ ਇਕਬਾਲ ਨੇ, ਨੀਹਾਂ ਮੌਲਾਨਾ ਮੁਹੰਮਦ ਅਲੀ ਜੌਹਰ ਨੇ ਅਤੇ ਦੀਵਾਰਾਂ ਤੇ ਛੱਤਾਂ ਮੁਹੰਮਦ ਅਲੀ ਜਿਨਾਹ ਨੇ ਪਾਈਆਂ। ਬਾਕੀ ਲਿਆਕਤ ਅਲੀ ਤੇ ਦੂਜੇ ਤਾਂ ਰੰਗ-ਰੋਗਨ ਹੀ ਕਰਦੇ ਰਹੇ। ਇਸ ਤਰ੍ਹਾਂ ਭਾਰਤ ਦੀ ਆਜ਼ਾਦੀ ਬਾਰੇ ਆਖਿਆ ਜਾ ਸਕਦਾ ਹੈ ਕਿ ਜ਼ਮੀਨ 'ਬਾਬਿਆਂ' (੧੯੦੭ ਤੋਂ ੧੯੧੯) ਨੇ ਤਿਆਰ ਕੀਤੀ, ਨਕਸ਼ਾ ਜੱਲਿਆਂਵਾਲੇ ਬਾਗ਼ ਵਿਚ ਤਿਆਰ ਹੋਇਆ, 'ਨੀਂਹ' ਗੁਰੂ ਕੇ ਬਾਗ ਠੀਕ ੧੫ ਅਗਸਤ ੧੯੪੭ ਤੋਂ ਪੰਜੀਹ ਵਰ੍ਹੇ ਪਹਿਲਾਂ ੨੧ ਅਗਸਤ ੧੯੨੨ ਨੂੰ ਰੱਖੀ ਗਈ, ਦੀਵਾਰਾਂ ਰਾਵੀ ਦੇ ਕਿਨਾਰੇ ੧੯੩੦ ਨੂੰ, ਤੇ ਛੱਤ ਆਜ਼ਾਦ ਹਿੰਦ ਫ਼ੌਜ ਨੇ ਪਾਈ। ਬਾਕੀ ਸਭ ਤਾਂ ਕੂਚੀਆਂ ਫੜ ਰੰਗ-ਰੋਗਨ ਹੀ ਕਰਦੇ ਰਹੇ।

ਪੁਰਾਣੇ ਖ਼ੁਫ਼ੀਆ ਰਿਕਾਰਡ ਗਵਾਹ ਹਨ ਕਿ ਜਦ ਕੋਈ 'ਆਜ਼ਾਦੀ' ਦਾ ਨਾਂਅ ਵੀ ਨਹੀਂ ਸੀ ਲੈਂਦਾ, ਉਸ ਵੇਲੇ ਬਾਬਿਆਂ ਨੇ 'ਗ਼ਦਰ ਦੀ ਗੂੰਜ' ਪਾਈ, ਮਿੱਠੀਆਂ ਲੋਰੀਆਂ ਦੇ-ਦੇ ਸਵਾਏ 'ਹਿੰਦੁਸਤਾਨ ਨੂੰ ਘੜਿਆਲ ਦੀ ਆਵਾਜ਼ ਨਾਲ ਜਗਾਇਆ।' ਕਦੇ 'ਪਗੜੀ' ਸੰਭਾਲ ਕਿਹਾ ਤੇ ਕਦੇ 'ਹੋਸ਼ ਸੰਭਾਲ' ਲਿਖ ਕੇ ਝੰਜੋੜਿਆ। ਬਜਬਜ ਘਾਟ 'ਤੇ ਵਰ੍ਹਦੀਆਂ ਗੋਲੀਆਂ ਦਾ ਸਾਹਮਣਾ ਖਿੜੇ ਮੱਥੇ ਹੀ ਨਹੀਂ, ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਕੀਤਾ। ਪੰਜਾਬ ਵਿਚ ਹਲਚਲ ਮੱਚ ਗਈ। ਗ਼ੱਦਾਰ ਅਲੋਪ ਹੋ ਗਏ। ਅੰਗਰੇਜ਼ਾਂ ਵਲੋਂ ਸਖ਼ਤੀਆਂ ਦਾ ਭਾਵੇਂ ਦੌਰ ਚਲਾਇਆ ਗਿਆ, ਪਰ ਲਹਿਰ ਵਧਦੀ ਹੀ ਗਈ। ਦੇਖਣ ਨੂੰ ਜ਼ਰੂਰ ਆਗੂ ਪਕੜੇ ਗਏ ਅਤੇ ੧੯੧੫ ਨੂੰ ਫ਼ਾਂਸੀ ਦੇ ਰੱਸਿਆਂ 'ਤੇ ਵੀ ਚੜ੍ਹਾਏ ਗਏ, ਪਰ 'ਆਜ਼ਾਦੀ' ਲਈ ਜ਼ਮੀਨ ਤਿਆਰ ਹੋ ਗਈ ਸੀ ਤੇ ਤਿਆਰ ਕਰਨ ਵਾਲੇ ਕਲਗ਼ੀਧਰ ਦੇ ਸਿੰਘ ਸਨ। ਜਿਨ੍ਹਾਂ ਸੱਤਾਂ ਨੇ ਸਭ ਤੋਂ ਪਹਿਲਾਂ ਫ਼ਾਂਸੀ ਦੇ ਰੱਸਿਆਂ ਨੂੰ ਚੁੰਮਿਆਂ, ਉਨ੍ਹਾਂ ਵਿਚੋਂ ਛੇ ਸਿੰਘ ਸਨ ਤੇ ਉਨ੍ਹਾਂ ਦੇ ਨਾਂਅ ਸਰਦਾਰ ਕਰਤਾਰ ਸਿੰਘ ਸਰਾਭਾ, ਭਾਈ ਬਖ਼ਸ਼ੀਸ਼ ਸਿੰਘ ਗਿਲਵਾਲੀ (ਅੰਮ੍ਰਿਤਸਰ), ਸਰਦਾਰ ਜਗਤ ਸਿੰਘ, ਭਾਈ ਬਿਧੀ ਚੰਦ ਜੀ ਦੇ ਪਿੰਡ ਦੇ ਸਰਦਾਰ ਸੁਰ ਸਿੰਘ ਤੇ ਸਰੈਣ ਸਿੰਘ ਨਾਂਅ ਦੇ ਦੋ ਸੱਜਣ ਜੋ ਗਿਲਵਾਲੀ (ਅੰਮ੍ਰਿਤਸਰ) ਦੇ ਸਨ, ਭਾਈ ਹਰਨਾਮ ਸਿੰਘ ਭੱਟੀ, ਗੁਰਾਯਾ (ਗੁਰਦਾਸਪੁਰ) ਸਨ।

ਇੰਦਰਾ ਗਾਂਧੀ ਨੇ ਕਿਹਾ ਕਿ 'ਆਜ਼ਾਦੀ ਦੀ ਜੰਗ ਵਿਚ ਸਭ ਤੋਂ ਵੱਧ ਹਿੱਸਾ ਉਸ ਦੇ ਪ੍ਰਾਂਤ ਯੂ.ਪੀ. ਨੇ ਪਾਇਆ, ਪਰ ਅੰਕੜੇ ਕੁਝ ਹੋਰ ਬੋਲ ਰਹੇ ਹਨ। ਪੁਰਾਤਨ ਖ਼ੁਫ਼ੀਆ ਰਿਕਾਰਡ ਦੇ ਹਵਾਲੇ ਨਾਲ ਹੁਣ ਸਪੱਸ਼ਟ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਿਸ ਵੇਲੇ ਇੰਦਰਾ ਦੇ ਪ੍ਰਾਂਤ ਵਾਲੇ 'ਆਜ਼ਾਦੀ' ਲਈ ਪਾਸਾ ਵੀ ਨਹੀਂ ਸੀ ਮਾਰ ਰਹੇ, ਉਸ ਵੇਲੇ 'ਸਿੱਖ' ਤੇ 'ਪੰਜਾਬ' ਅੰਗਰੇਜ਼ਾਂ ਦੇ ਪਾਸੇ ਭੰਨ ਰਹੇ ਸਨ, ਫ਼ਾਂਸੀ ਦੇ ਰੱਸੇ ਚੁੰਮ ਰਹੇ ਸਨ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤ ਰਹੇ ਸਨ। ਖ਼ੁਫ਼ੀਆ ਰਿਪੋਰਟ ਮੁਤਾਬਕ ਹਿੰਦੁਸਤਾਨ ਵਿਚ ਫ਼ਾਂਸੀ 'ਤੇ ਚਾੜ੍ਹੇ ਗਏ ਸਨ ਕੁੱਲ ੪੭ ਆਦਮੀ। ਉਨ੍ਹਾਂ ਵਿਚੋਂ ੩੪ ਸਿੱਖ ਸਨ। ਸਿਰਫ਼ ਉਮਰ ਕੈਦ ੩੦ ਨੂੰ ਹੋਈ ਸੀ ਤੇ ੨੭ ਸਿੱਖ ਸਨ। ਕਾਲੇ ਪਾਣੀ ਕੁੱਲ ੨੯ ਸੂਰਮਿਆਂ ਨੂੰ ਭੇਜਿਆ ਗਿਆ, ਉਨ੍ਹਾਂ ਵਿਚੋਂ ੨੬ ਸਿੱਖ ਸਨ। ਸਖ਼ਤ ਸਜ਼ਾਵਾਂ ਕੁੱਲ ੪੭ ਨੂੰ ਹੋਈਆਂ ਤੇ ਉਨ੍ਹਾਂ ਵਿਚੋਂ ਵੀ ੩੮ ਸਿੱਖ ਸਨ। ਇਹ ਸਿਰਫ਼ ੧੯੦੭ ਤੋਂ ੧੯੧੭ ਤੱਕ ਦਾ ਵੇਰਵਾ ਹੈ। ਸੰਸਾਰ ਦੇ ਪਹਿਲੇ ਯੁੱਧ ਦੇ ਆਰੰਭ ਹੋਣ ਨਾਲ ਸਾਰੇ ਆਗੂ ਮਹਾਤਮਾ ਗਾਂਧੀ ਸਮੇਤ ਅੰਗਰੇਜ਼ਾਂ ਦੀ ਮਦਦ 'ਤੇ ਲੱਗੇ ਰਹੇ ਅਤੇ ਫ਼ਿਰ ਜੱਲਿਆਂਵਾਲਾ ਬਾਗ਼ ਦਾ ਸਾਕਾ ਹੋਇਆ। ਕੁੱਲ ਸ਼ਹੀਦ ੧੦੩੫ ਹੋਏ, ਪਰ ਸਿੱਖਾਂ ਦੀ ਗਿਣਤੀ ੫੭੯ ਸੀ। ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਸਿੱਖ ਸਾਰੇ ਹਿੰਦੁਸਤਾਨ ਦੀ ਗਿਣਤੀ ਦਾ ਕੇਵਲ ਇਕ ਫ਼ੀਸਦੀ ਹਨ ਤੇ 'ਆਜ਼ਾਦੀ' ਦੀ ਜੰਗ ਵਿਚ ਹਿੱਸਾ ੭੩ ਫ਼ੀਸਦੀ ਜਾ ਪੈਂਦਾ ਹੈ। ਸਾਨੂੰ ਲੇਖੇ ਤਾਂ ਨਹੀਂ ਆਉਂਦੇ ਤੇ ਨਾ ਹੀ ਕਰਨੇ ਚਾਹੁੰਦੇ ਹਾਂ, ਪਰ ਜਦ ਕੋਈ ਲੇਖਿਆਂ ਦੀ ਹੀ ਗੱਲ ਕਰੇ, ਤਾਂ ਉਸ ਨੂੰ ਘੱਟ ਤੋਂ ਘੱਟ ਤਾਂ ਖਾਤਾ ਤਾਂ ਠੀਕ ਦੇਖਣਾ ਚਾਹੀਦਾ ਹੈ।

੧੯੨੧ ਦੀ ੨੦ ਫ਼ਰਵਰੀ ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋ ਗਿਆ। ਸਮੁੱਚਾ ਸਿੱਖ ਜਗਤ ਹੀ ਆਜ਼ਾਦੀ ਲਈ ਉਠ ਬੈਠਾ, ਸ਼ਹੀਦਾਂ ਨੇ ਆਜ਼ਾਦੀ ਲੈਣ ਦਾ ਰਾਹ ਦਰਸਾ ਦਿੱਤਾ। ਮਹਾਤਮਾ ਗਾਂਧੀ ਜਦ ਆਪ ੩ ਮਾਰਚ ੧੯੨੧ ਨੂੰ ਸਾਕੇ ਵਾਲੀ ਥਾਂ ਨਨਕਾਣਾ ਸਾਹਿਬ ਪੁੱਜੇ, ਤਾਂ ਉਨ੍ਹਾਂ ਕਿਹਾ ਕਿ ਜਥੇ ਵਾਲਿਆਂ ਕਮਾਲ ਕਰ ਦਿੱਤੀ ਹੈ। ਉਨ੍ਹਾਂ ਕੋਲ ਹਥਿਆਰ ਸਨ, ਪਰ ਜਿਹੜਾ ਕਿ ਉਹ ਪ੍ਰਣ ਕਰ ਚੁੱਕੇ ਸਨ, ਉਨ੍ਹਾਂ

ਹਥਿਆਰਾਂ ਉਤੇ ਹੱਥ ਨਾ ਰੱਖਿਆ। ਸਭ ਭੁੰਨੇ ਗਏ, ਪਰ ਮਜਾਲ ਕੀ, ਕਿਸੇ ਹੱਥ ਚੁੱਕਿਆ ਹੋਵੇ। ਅਕਾਲੀਆਂ ਨੇ ਆਪਣੇ ਜ਼ਿੰਮੇ ਸੁਧਾਰ ਦਾ ਕੰਮ ਲਿਆ ਹੋਇਆ ਹੈ, ਇਸ ਲਈ ਉਨ੍ਹਾਂ ਦੀ ਕੁਰਬਾਨੀ ਬਹੁਤ ਮਹਾਨ ਹੁੰਦੀ ਹੈ।

(The task of Akali is to reform work. That is why their sacrifice is very great)

ਫ਼ਿਰ ਇਕ ਵਾਰੀ ਸਾਰਾ ਪੰਜਾਬ ਹੀ ਜਾਗ ਪਿਆ। ਪੰਡਤ ਮਦਨ ਮੋਹਨ ਮਾਲਵੀਆ ਨੇ ਇਕ ਵਾਰੀ ਗੱਲਬਾਤ ਦੇ ਦੌਰਾਨ ਕਿਹਾ ਸੀ ਕਿ, ਸਿੱਖ ਇਤਿਹਾਸ ਵਾਲੇ ਸ਼ਹੀਦ ਸਿੱਖਾਂ ਦੇ ਨਮੂਨੇ ਕਿੱਥੇ ਚਲੇ ਗਏ? ਬੰਦ-ਬੰਦ ਕਟਵਾਉਣ ਤੇ ਖੋਪਰੀਆਂ ਉਤਰਾਉਣ ਵਾਲੇ ਸਿੱਖ ਕੀ ਮੁੱਕ ਗਏ ਹਨ? ਕੌਮ ਨੇ ਸਾਰਾ ਇਤਿਹਾਸ ਫ਼ਿਰ ਦੁਹਰਾ ਦਿੱਤਾ। ਜੰਡ ਨਾਲ ਬੰਨ੍ਹ ਸ਼ਹੀਦ ਹੋਏ, ਤੇਲ ਪਾ ਕੇ ਸਾੜੇ ਗਏ, ਗੋਲੀਆਂ ਨਾਲ ਭੁੰਨੇ ਗਏ, ਪਰ ਸੀਅ ਕਿਸੇ ਨਾ ਕੀਤੀ। ਗੁਰੂ ਕੇ ਬਾਗ਼ ਨੇ ਤਾਂ ਸਮੁੱਚੇ ਹਿੰਦੁਸਤਾਨ ਵਿਚ ਕੁਰਬਾਨੀਆਂ ਦਾ ਚਾਅ ਭਰ ਦਿੱਤਾ। ੨੧ ਅਗਸਤ ੧੯੨੨ ਨੂੰ ਸਿੰਘਾਂ ਉਤੇ ਅੱਤਿਆਚਾਰ ਸ਼ੁਰੂ ਹੋਏ ਅਤੇ ੧੩ ਦਸੰਬਰ ਤੱਕ ਹੁੰਦੇ ਰਹੇ। ਬੀਟੀ ਦੀਆਂ ਡਾਂਗਾਂ ਵਰ੍ਹਦੀਆਂ ਸਿੱਖ ਹੱਸ-ਹੱਸ ਝੱਲਦੇ। ਕਈ ਪ੍ਰਿਥੀਪਾਲ ਸਿੰਘ ਵਰਗਿਆਂ ਨੇ ਡਾਂਗਾਂ ਦੇ ੯੮-੯੮ ਵਾਰ ਝੱਲੇ। ਸਰਦਾਰ ਪ੍ਰਿਥੀਪਾਲ ਸਿੰਘ ਸ਼ਹੀਦ ਤਾਂ ਹੋ ਗਏ, ਪਰ ਆਜ਼ਾਦੀ ਦੇ ਮਹੱਲ ਦੀ ਨੀਂਹ ਬਹੁਤ ਡੂੰਘੀ ਭਰ ਗਏ। ਜਦ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਣ ਕਰਕੇ, ਕਿ ਸ਼ਾਂਤਮਈ ਰਹਿਣਾ ਹੈ, 'ਗੁਰੂ ਕੇ ਬਾਗ਼' ਵੱਲ ਸ਼ਬਦ ਪੜ੍ਹਦੇ ਜਾਂਦਾ ਸੀ, ਤਾਂ ਪੁਲੀ 'ਤੇ ਉਸ ਨੂੰ ਰੋਕ ਲਿਆ ਜਾਂਦਾ। ਪੈਰਾਂ ਤੇ ਗੋਡਿਆਂ ਉਪਰ ਡਾਂਗਾਂ ਮਾਰ ਕੇ ਉਨ੍ਹਾਂ ਨੂੰ ਗਿਰਾ ਲਿਆ ਜਾਂਦਾ ਸੀ। ਸਿੰਘ ਢੱਠੇ ਹੋਏ ਵੀ 'ਸਤਿਨਾਮੁ-ਵਾਹਿਗੁਰੂ' ਉਚਾਰਨ ਕਰੀ ਜਾਂਦੇ ਸਨ। ਡਿੱਗਿਆਂ ਹੋਇਆਂ ਉਤੇ ਵੀ ਡਾਂਗਾਂ ਦੀ ਬਾਰਿਸ਼ ਕਰ ਦਿੱਤੀ ਜਾਂਦੀ ਸੀ, ਜਿਵੇਂ ਮੁੰਜ ਕੁਟੀਂਦੀ ਹੈ। ਉਤਨੀ ਦੇਰ ਤੱਕ ਡਾਂਗਾਂ ਵਰ੍ਹਦੀਆਂ ਰਹਿੰਦੀਆਂ ਸਨ, ਜਦ ਤੱਕ ਜਥੇ ਦੇ ਸਿੰਘ ਬੇਹੋਸ਼ ਨਹੀਂ ਸਨ ਹੋ ਜਾਂਦੇ। ਜ਼ਰਾ ਕੁ ਹੋਸ਼ ਆਉਣ 'ਤੇ ਜਥਾ ਅੱਗੇ ਵਧਣ ਦਾ ਯਤਨ ਕਰਦਾ ਸੀ ਤਾਂ ਫ਼ਿਰ ਨਵੇਂ ਸਿਰਿਓਂ ਪੁਲਸ ਹੱਲਾ ਬੋਲ ਕੇ ਟੁੱਟ ਪੈਂਦੀ ਸੀ। ਜਦ 'ਅਕਾਲੀ' ਬਿਲਕੁਲ ਨਿਢਾਲ ਹੋ ਜਾਂਦੇ ਸਨ, ਤਾਂ ਉਨ੍ਹਾਂ ਨੂੰ ਐਂਬੂਲੈਂਸ ਕਾਰਾਂ ਵਿਚ ਲੱਦ ਕੇ ਲਾਂਭੇ ਜਾਂ ਹਸਪਤਾਲ ਲੈ ਜਾਇਆ ਜਾਂਦਾ ਸੀ। ਹਿੰਦੁਸਤਾਨ ਦੇ ਆਗੂਆਂ ਨੇ ਜਦ ਇਹ ਅੱਖੀਂ ਡਿੱਠਾ ਤਾਂ ਉਹ ਤ੍ਰਾਹ-ਤ੍ਰਾਹ ਕਰ ਉਠਦੇ ਸਨ। ਪਰ 'ਸਿੰਘ' ਹੁਕਮ ਦੇ ਬੱਧੇ ਸ਼ਾਂਤ-ਚਿੱਤ ਤੇ ਸ਼ਾਂਤ-ਮਈ ਸਨ। ਇਕ ਵਾਰੀ ਇਕ ਬਲੋਚ ਸਿਪਾਹੀ ਨੇ ਡਾਂਗਾਂ ਮਾਰਦੇ ਹੋਏ ਇਕ 'ਸਿੰਘ' ਨੂੰ, ਨਾਲੇ ਹੀ ਗਾਲ੍ਹੀ ਗਲੋਚ ਕਰਦੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਕੁਬੋਲ ਬੋਲ ਕਿਹਾ ਕਿ, ਅੱਜ ਤੇਰਾ ਗੁਰੂ ਕਿੱਥੇ ਹੈ? ਬੁਲਾ ਉਸ ਨੂੰ ਤੈਨੂੰ ਬਚਾਅ ਲਵੇ... ਤਾਂ ਥੱਲੋਂ ਉਚੀ ਆਵਾਜ਼ ਨਾਲ ਸਿੰਘ ਨੇ ਕਿਹਾ ਕਿ ਦਸ ਤਾਂ ਦਿਆਂ ਮੇਰਾ ਗੁਰੂ ਗੋਬਿੰਦ ਸਿੰਘ ਜੀ ਕਿਥੇ ਹੈ, ਪਰ ਜਥੇਦਾਰ ਦਾ ਹੁਕਮ ਹੈ, ਹੱਥ ਨਹੀਂ ਉਠਾਉਣਾ।

੨੧ ਅਗਸਤ ੧੯੨੨ ਨੂੰ ਸਿੰਘਾਂ ਉਤੇ ਅੱਤਿਆਚਾਰ ਸ਼ੁਰੂ ਹੋਏ ਅਤੇ ੧੩ ਦਸੰਬਰ ਤੱਕ ਹੁੰਦੇ ਰਹੇ। ਬੀਟੀ ਦੀਆਂ ਡਾਂਗਾਂ ਵਰ੍ਹਦੀਆਂ ਸਿੱਖ ਹੱਸ-ਹੱਸ ਝੱਲਦੇ। ਕਈ ਪ੍ਰਿਥੀਪਾਲ ਸਿੰਘ ਵਰਗਿਆਂ ਨੇ ਡਾਂਗਾਂ ਦੇ ੯੮-੯੮ ਵਾਰ ਝੱਲੇ। ਸਰਦਾਰ ਪ੍ਰਿਥੀਪਾਲ ਸਿੰਘ ਸ਼ਹੀਦ ਤਾਂ ਹੋ ਗਏ, ਪਰ ਆਜ਼ਾਦੀ ਦੇ ਮਹੱਲ ਦੀ ਨੀਂਹ ਬਹੁਤ ਡੂੰਘੀ ਭਰ ਗਏ। ਜਦ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਣ ਕਰਕੇ, ਕਿ ਸ਼ਾਂਤਮਈ ਰਹਿਣਾ ਹੈ, 'ਗੁਰੂ ਕੇ ਬਾਗ਼' ਵੱਲ ਸ਼ਬਦ ਪੜ੍ਹਦੇ ਜਾਂਦਾ ਸੀ, ਤਾਂ ਪੁਲੀ 'ਤੇ ਉਸ ਨੂੰ ਰੋਕ ਲਿਆ ਜਾਂਦਾ। ਪੈਰਾਂ ਤੇ ਗੋਡਿਆਂ ਉਪਰ ਡਾਂਗਾਂ ਮਾਰ ਕੇ ਉਨ੍ਹਾਂ ਨੂੰ ਗਿਰਾ ਲਿਆ ਜਾਂਦਾ ਸੀ। ਸਿੰਘ ਢੱਠੇ ਹੋਏ ਵੀ 'ਸਤਿਨਾਮੁ-ਵਾਹਿਗੁਰੂ' ਉਚਾਰਨ ਕਰੀ ਜਾਂਦੇ ਸਨ। ਡਿੱਗਿਆਂ ਹੋਇਆਂ ਉਤੇ ਵੀ ਡਾਂਗਾਂ ਦੀ ਬਾਰਿਸ਼ ਕਰ ਦਿੱਤੀ ਜਾਂਦੀ ਸੀ, ਜਿਵੇਂ ਮੁੰਜ ਕੁਟੀਂਦੀ ਹੈ। ਉਤਨੀ ਦੇਰ ਤੱਕ ਡਾਂਗਾਂ ਵਰ੍ਹਦੀਆਂ ਰਹਿੰਦੀਆਂ ਸਨ, ਜਦ ਤੱਕ ਜਥੇ ਦੇ ਸਿੰਘ ਬੇਹੋਸ਼ ਨਹੀਂ ਸਨ ਹੋ ਜਾਂਦੇ। ਜ਼ਰਾ ਕੁ ਹੋਸ਼ ਆਉਣ 'ਤੇ ਜਥਾ ਅੱਗੇ ਵਧਣ ਦਾ ਯਤਨ ਕਰਦਾ ਸੀ ਤਾਂ ਫ਼ਿਰ ਨਵੇਂ ਸਿਰਿਓਂ ਪੁਲਸ ਹੱਲਾ ਬੋਲ ਕੇ ਟੁੱਟ ਪੈਂਦੀ ਸੀ।

ਸੀ.ਐਫ਼.ਐਂਡਰੀਊਜ਼ ਨੇ ਜਦ ਖੜੇ ਮੱਥੇ ਸਿੰਘਾਂ ਨੂੰ ਡਾਂਗਾਂ ਖਾਂਦਿਆਂ ਦੇਖਿਆ, ਤਾਂ ਉਸ ਨੇ ਸਿੰਘਾਂ ਨੂੰ ਸ਼ਰਧਾਂਜਲੀ ਦੇਂਦੇ ਹੋਏ ਕਿਹਾ ਕਿ ਇਕ ਨਹੀਂ, ਉਹ ਆਪਣੇ ਸਾਹਮਣੇ ਅਨੇਕ ਹੀ 'ਈਸਾ' ਸੂਲੀ 'ਤੇ ਚੜ੍ਹੇ ਦੇਖ ਰਿਹਾ ਸੀ। ਸ੍ਰੀ ਐਂਡਰੀਊਜ਼ ਨੇ ਆਪਣੇ ਲਿਖਤੀ ਬਿਆਨ ਵਿਚ ਕਿਹਾ :

"ਇਸ ਬਿਆਨ ਰਾਹੀਂ ਮੈਂ ਸਿਰਫ਼ ਇਹ ਹੀ ਦੱਸਣ ਦੀ ਕੋਸ਼ਿਸ਼ ਕਰਾਂਗਾ, ਜੋ ਮੈਂ ਅੰਮ੍ਰਿਤਸਰ ਪੁਜ ਕੇ ੧੨ ਸਤੰਬਰ ੧੯੨੨ ਨੂੰ ਆਪਣੀ ਅੱਖੀਂ ਦੇਖਿਆ।

ਇਕ ਵਜੇ ਦੁਪਹਿਰ ਮੈਂ ਗੁਰੂ ਕੇ ਬਾਗ਼ ਨਾਲ ਚੱਲ ਪਿਆ, ਰਾਹ ਵਿਚ ਥਾਂ-ਥਾਂ ਪਿੰਡਾਂ ਦੇ ਮਰਦ ਤੇ ਔਰਤਾਂ ਖੜ੍ਹੀਆਂ ਸਨ, ਜਿਨ੍ਹਾਂ ਛਬੀਲ ਲਾਈ ਹੋਈ ਸੀ। ਤਾਂ ਕਿ ਆਉਂਦੇ ਜਥੇ ਦੀ ਰਤਾ ਕੁ ਸੇਵਾ ਕਰ ਸਕਣ। ਸਭ ਤੋਂ ਵੱਧ ਮੈਂ ਔਰਤਾਂ ਦੀ ਭਰਪੂਰ ਸ਼ਰਧਾ ਦੇਖੀ। ਉਨ੍ਹਾਂ ਦੇ ਮੁਖੜਿਆਂ ਤੋਂ ਅੱਗੇ ਵੱਧਦੇ ਜਥੇ ਲਈ, ਜੋ ਧਰਮ ਹਿੱਤ ਬਦਲੇ ਦੀ ਭਾਵਨਾ ਰਹਿਤ ਕੁਰਬਾਨ ਹੋਣ ਜਾ ਰਹੇ ਸਨ, ਮਮਤਾ ਟੱਪਕਦੀ ਸੀ।

ਕਈ ਔਖ ਝੱਲ ਕੇ ਤੇ ਬੜੀ ਮੁਸ਼ਕਲ ਨਾਲ ਆਖਰ ਅਸੀਂ 'ਗੁਰੂ ਕੇ ਬਾਗ਼' ਪੁੱਜੇ। ਪੁੱਜਦੇ ਸਾਰ ਜਿਸ 'ਤੇ ਸਾਡੀ ਸਭ ਤੋਂ ਪਹਿਲੀ ਨਜ਼ਰ ਪਈ, ਉਹ ਅੱਠ ਮੋਟਰ ਲਾਰੀਆਂ ਸਨ, ਜੋ ਆਮ ਤੌਰ 'ਤੇ ਸਵਾਰੀਆਂ ਢੋਣ ਲਈ ਵਰਤੀਆਂ ਜਾਂਦੀਆਂ ਸਨ। ਹੁਣ ਉਨ੍ਹਾਂ ਨੂੰ ਐਂਬੂਲੈਂਸ ਵੈਗਨਾਂ ਦੇ ਤੌਰ 'ਤੇ ਵਰਤਿਆ ਜਾ ਰਿਹਾ ਸੀ।

ਜਿਸ ਵੇਲੇ ਮੈਂ ਗੁਰੂ ਕੇ ਬਾਗ਼ ਦੇ ਗੁਰਦੁਆਰੇ ਪੁੱਜਾ ਤਾਂ ਸਭ ਤੋਂ ਹੈਰਾਨੀ ਮੈਨੂੰ ਸੰਗਤਾਂ ਵਿਚ ਸ਼ਾਂਤੀ ਦੇਖ ਕੇ ਹੋਈ। ਇਤਨੇ ਭਾਰੀ ਇਕੱਠ ਵਿਚ 'ਘਬਰਾਹਟ' ਨਾਂਅ ਵਾਲੀ ਕੋਈ ਚੀਜ਼ ਨਹੀਂ ਸੀ। ਦਰਸ਼ਨੀ ਡਿਉਢੀ ਦੇ ਨਾਲ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੋ ਰਿਹਾ ਸੀ ਤੇ ਬਹੁਤ ਸਾਰੀ ਸੰਗਤ ਧਿਆਨ ਨਾਲ ਸੁਣ ਰਹੀ ਸੀ। ਲਾਗੇ ਹੀ ਕੁਝ ਸੇਵਾਦਾਰ ਆਏ ਹੋਏ ਯਾਤਰੀਆਂ ਲਈ ਚੱਕੀ ਵਿਚ ਆਟਾ ਪੀਹ ਕੇ, ਰਾਤ ਦੇ ਲੰਗਰ ਦੀਆਂ ਤਿਆਰੀਆਂ ਕਰ ਰਹੇ ਸਨ। ਉਥੇ ਇਸ ਗੱਲ ਦਾ ਰਤਾ ਭਰ ਵੀ ਚਿੰਨ੍ਹ ਨਹੀਂ ਸੀ ਕਿ ਹੁਣ ਡਾਂਗਾਂ ਪੈ ਕੇ ਹਟੀਆਂ ਹਨ ਜਾਂ ਪੈ ਰਹੀਆਂ ਹਨ ਜਾਂ ਡਾਂਗਾਂ ਝੱਲ ਕੇ ਸਿੰਘ ਆਏ ਹਨ। ਜਦ ਮੈਂ ਇਕ ਕੋਲੋਂ ਪੁੱਛਿਆ, ਤਾਂ ਉਸ ਦੱਸਿਆ ਕਿ ਡਾਂਗਾਂ ਵਰ੍ਹ ਰਹੀਆਂ ਹਨ।

ਇਹ ਸੁਣਦੇ ਸਾਰ ਮੈਂ ਅੱਗੇ ਵਧਿਆ, ਉਥੇ ਕਈ ਸੈਂਕੜੇ ਸਿੰਘ ਖਾਲੀ ਥਾਂ ਜ਼ਮੀਨ 'ਤੇ ਬੈਠੇ ਸਨ ਤੇ ਭਰੀਆਂ ਅੱਖਾਂ ਨਾਲ ਦੇਖ ਰਹੇ ਸਨ ਕਿ ਉਨ੍ਹਾਂ ਸਾਹਮਣੇ ਕੀ ਹੋ ਰਿਹਾ ਹੈ। ਉਨ੍ਹਾਂ ਦੇ ਚਿਹਰਿਆਂ ਵੱਲ ਮੈਂ ਗਹੁ ਨਾਲ ਦੇਖ ਕੇ, ਇਕ ਮਕਾਨ ਦੀ ਨੁੱਕਰ ਵਿਚ, ਉਸ ਥਾਂ 'ਤੇ ਹੋ ਗਿਆ, ਜਿਥੋਂ ਸਾਰੀ ਮਾਰ-ਕੁਟਾਈ ਦੇਖੀ ਜਾ ਸਕਦੀ ਸੀ। ਦੇਖਣ ਵਾਲੀਆਂ ਸੰਗਤਾਂ ਵਿਚੋਂ ਕੋਈ ਵੀ ਚੀਕ-ਚਿਹਾੜਾ ਨਹੀਂ ਸੀ ਪਾ ਰਿਹਾ। ਸਿਰਫ਼ ਉਨ੍ਹਾਂ ਦੇ ਬੁੱਲ੍ਹ ਫ਼ਰਕ-ਫ਼ਰਕ ਕੇ 'ਜਾਪ' ਤੇ 'ਅਰਦਾਸ' ਕਰ ਰਹੇ ਸਨ।

ਇਹ ਸਾਫ਼ ਦਿਸਦਾ ਸੀ ਕਿ ਉਨ੍ਹਾਂ ਨੂੰ

ਹਦਾਇਤ ਦਿੱਤੀ ਗਈ ਹੈ ਕਿ 'ਵਾਹਿਗੁਰੂ' 'ਵਾਹਿਗੁਰੂ' ਹੀ ਕਰਨ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਨ, ਕਿ ਉਹ ਫ਼ਤਹਿ ਬਖ਼ਸ਼ੇ। ਮੈਂ ਸਿਰਫ਼ ਇਤਨਾ ਹੀ ਕਹਿ ਸਕਦਾ ਹਾਂ ਕਿ ਉਨ੍ਹਾਂ ਦਾ ਸ਼ਾਂਤ ਚਿੱਤ ਰਹਿਣਾ, ਅਰਦਾਸ ਕਰਨਾ ਅਤੇ ਮੁੱਖੋਂ ਸੀਅ ਤੱਕ ਨਾ ਉਚਾਰਨਾ, ਮੈਨੂੰ 'ਈਸਾ' ਦੀ ਸੂਲੀ ਯਾਦ ਕਰਾ ਰਿਹਾ ਸੀ। ਜੋ ਉਨ੍ਹਾਂ 'ਤੇ ਬੀਤ ਰਹੀ ਸੀ, ਸੱਚ-ਮੁੱਚ ਲਗਭਗ ਹਜ਼ਰਤ ਈਸਾ ਦੀ ਸੂਲੀ 'ਤੇ ਚੜ੍ਹਾਈ ਵਾਂਗ ਸੀ। (What was happening to them, what truli in some din was, a crucificatien)

ਹੁਣ ਤੱਕ ਮੈਂ ਜੱਫਰ ਜਾਲਦੇ ਸਿੰਘਾਂ ਨੂੰ ਅੱਖੀਂ ਨਹੀਂ ਸੀ ਦੇਖਿਆ, ਸਿਰਫ਼ ਦਰਸ਼ਕਾਂ ਦੇ ਚਿਹਰਿਆਂ ਤੋਂ ਅਨੁਮਾਨ ਲਗਾਇਆ ਸੀ। ਜਦ ਮੈਂ ਵੱਧਦੀ ਦੀਵਾਰ ਟੱਪ ਕੇ ਅੱਗੇ ਵਧਿਆ ਤੇ ਆਖ਼ਰ ਭਲਾਈ-ਬੁਰਾਈ ਦੀ ਟੱਕਰ ਨੂੰ ਸਾਹਮਣੇ ਹੋ ਦੇਖਿਆ ਤਾਂ ਮੈਨੂੰ ਦਰਸ਼ਕਾਂ ਦੀਆਂ ਅਰਦਾਸਾਂ ਤੇ ਮੁੱਖਾਂ ਤੋਂ ਤਣਾਓ ਦੀ ਸਮਝ ਆਈ। ਇਹ ਐਸਾ ਦ੍ਰਿਸ਼ ਸੀ, ਜਿਸ ਨੂੰ ਕਦੇ ਕੋਈ ਅੰਗਰੇਜ਼ ਹੋਣਾ ਮੰਨ ਹੀ ਨਹੀਂ ਸਕਦਾ ਤੇ ਪਰਮਾਤਮਾ ਫ਼ਿਰ ਮੈਨੂੰ ਕਦੇ ਨਾ ਦਿਖਾਵੇ। ਉਥੇ ਚਾਰ ਕਾਲੀ ਪਗੜੀ ਬੰਨ੍ਹੇ ਹੋਏ 'ਅਕਾਲੀ' ਸਿੱਖ ਦਰਜਨ ਕੁ ਸਿਪਾਹੀਆਂ, ਜਿਨ੍ਹਾਂ ਵਿਚ ਦੋ ਅੰਗਰੇਜ਼ ਅਫ਼ਸਰ ਵੀ ਸਨ, ਸਾਹਮਣੇ ਖਲੋਤੇ ਸਨ। ਉਹ ਸ਼ਬਦ ਹੀ ਪੜ੍ਹਦੇ ਪੁਲਸ ਦੀ ਕਤਾਰ ਤੱਕ ਪੁੱਜੇ ਤੇ ਇਕ ਗਜ਼ ਦੇ ਫ਼ਾਸਲੇ 'ਤੇ ਆ ਕੇ ਖੜ੍ਹੇ ਹੋ ਗਏ। ਉਨ੍ਹਾਂ ਦੇ ਦੋਵੇਂ ਹੱਥ ਜੁੜੇ ਹੋਏ ਸਨ ਤੇ ਇਹ ਪ੍ਰਗਟ ਹੋ ਰਿਹਾ ਸੀ ਕਿ ਉਹ ਅਰਦਾਸ ਕਰ ਰਹੇ ਸਨ। ਫ਼ਿਰ ਬਗੈਰ ਕੋਈ ਜਥੇ ਵਲੋਂ ਭੜਕਾਹਟ ਦੇ ਸ਼ਬਦ ਦੇ, ਇਕ ਅੰਗਰੇਜ਼ ਅਫ਼ਸਰ ਨੇ ਹੱਥ ਵਿਚ ਫੜੇ ਡੰਡੇ ਨੂੰ ਅਰਦਾਸ ਕਰਦੇ ਇਕ ਸਿੰਘ ਦੀ ਹੰਸਲੀ (ਕਾਲਰ) ਬੋਨ 'ਤੇ ਜ਼ੋਰ ਨਾਲ ਮਾਰਿਆ। ਇਹ ਸਭ ਤੋਂ ਕੁਹਜਾ ਤੇ ਬੁਜ਼ਦਿਲਾਨਾ ਵਾਰ ਸੀ, ਜੋ ਮੈਂ ਹੁੰਦੇ ਦੇਖਿਆ। ਮੈਂ ਬੜੀ ਮੁਸ਼ਕਿਲ ਨਾਲ ਆਪਣੇ ਆਪ ਨੂੰ ਕਾਬੂ ਕਰਕੇ ਰੱਖ ਸਕਿਆ, ਆਉਣ ਤੋਂ ਪਹਿਲਾਂ ਹੀ ਮੈਂ ਇਹ ਪੱਕਾ ਮਨ ਬਣਾ ਲਿਆ ਸੀ ਕਿ ਕੁਝ ਵੀ ਹੋਵੇ, ਮੈਂ ਬਚਨ ਤੇ ਕਰਮ (ਵੇਰਡ ਤੇ ਭੀੜ) ਨਾਲ ਦਖ਼ਲ ਨਹੀਂ ਦਿਆਂਗਾ ਅਤੇ ਸ਼ਾਂਤ ਰਵ੍ਹਾਂਗਾ ਤੇ ਉਸੇ ਪ੍ਰਣ 'ਤੇ ਮੈਂ ਵੀ ਕਾਇਮ ਰਵ੍ਹਾਂਗਾ, ਜੋ ਜਥੇ ਦੇ ਬਾਕੀ ਮੈਂਬਰ ਕਰਕੇ ਆਉਂਦੇ ਹਨ। ਸੋ ਮੇਰੀ ਮੂਕ ਸ਼ਾਂਤੀ ਅਵੱਸ਼ ਸੀ ਪਰ ਜਿਨ੍ਹਾਂ ਇਹ ਸਾਕਾ ਨਹੀਂ ਦੇਖਿਆ, ਉਨ੍ਹਾਂ ਲਈ ਸਮਝਣਾ ਕਠਿਨ ਹੈ, ਕਿ ਸ਼ਾਂਤ ਚੁੱਪ ਰਹਿਣਾ ਕਿਤਨਾ ਕਠਿਨ ਸੀ।

ਜਿਹੜੀ ਹੁੱਝ ਪੈਂਦੀ ਮੈਂ ਡਿੱਠੀ ਸੀ, ਉਹ ਅਕਾਲੀ ਸਿੱਖ ਨੂੰ ਭੁੰਜੇ ਸੁੱਟਣ ਲਈ ਕਾਫ਼ੀ ਸੀ। ਉਹ ਥੱਲੇ ਡਿੱਗ ਪਿਆ ਤੇ ਹੌਲੇ-ਹੌਲੇ ਫ਼ਿਰ ਉਠਿਆ ਤੇ ਉਸੇ ਤਰ੍ਹਾਂ ਦੀ ਫ਼ਿਰ ਜ਼ਰਬ ਸਿੰਘ 'ਤੇ ਕੀਤੀ ਗਈ। ਚਾਰਾਂ ਵਿਚੋਂ ਜਿਹੜਾ ਇਕ ਵਧਿਆ ਹੋਇਆ ਸੀ, ਉਸ ਨੂੰ ਹੇਠਾਂ ਲਿਟਾ ਕੇ ਉਸ 'ਤੇ ਬਾਰ-ਬਾਰ ਕਦੇ ਅੰਗਰੇਜ਼ ਵਲੋਂ ਤੇ ਉਸ ਦੀ ਕਮਾਨ ਹੇਠ ਸਿਪਾਹੀ ਵਲੋਂ ਤਾਬੜਤੋੜ ਵਾਰ ਕੀਤੇ ਗਏ। ਦੂਜੇ ਤਿੰਨਾਂ ਨੂੰ ਭਰਪੂਰ ਵਾਰ ਕਰਕੇ ਛੇਤੀ ਹੀ ਡੇਗ ਲਿਆ ਗਿਆ। ਇਸ ਮੌਕੇ 'ਤੇ ਪੁਲਸ ਦਾ ਅੱਤਿਆਚਾਰ ਵਹਿਸ਼ੀਆਂ ਤੋਂ ਵੱਧ ਸੀ। ਮੈਂ ਆਪ ਅੱਖੀਂ ਡਿੱਠਾ ਕਿ ਅੱਗੇ ਖਲੋਤੇ ਸਿੱਖ ਦੇ ਪੇਟ 'ਤੇ ਕੱਸ ਕੇ ਪੁਲਸ ਨੇ ਲੱਤ ਮਾਰੀ। ਇਹ ਇਤਨੀ ਘ੍ਰਿਣਾਜਨਕ ਨੀਚ ਜ਼ਰਬ ਸੀ ਕਿ ਮੈਂ ਵੀ ਚੀਖ਼ੇ ਬਗੈਰ ਰਹਿ ਨਾ ਸਕਿਆ ਅਤੇ ਅੱਗੇ ਦੌੜ ਪਿਆ, ਪਰ ਪਿੱਛੋਂ ਇਸ ਤੋਂ ਵੀ ਕੁਹਜੀ ਜ਼ਰਬ ਮੈਂ ਉਸ ਵੇਲੇ ਦੇਖੀ, ਜਦ ਜ਼ਮੀਨ 'ਤੇ ਢੱਠੇ, ਨਿੱਸਲ ਪਏ ਅਕਾਲੀ ਸਿੱਖ ਉਤੇ ਇਕ ਸਿਪਾਹੀ ਨੇ ਆਪਣੇ ਬੂਟਾਂ ਸਮੇਤ, ਭਾਰੀ ਪੈਰਾਂ ਨਾਲ, ਮੋਢੇ ਤੇ ਗਲੇ ਵਿਚਕਾਰ ਆਪਣਾ ਪੂਰਾ ਵਜ਼ਨ ਪਾ ਕੇ ਸੱਟ ਮਾਰੀ, ਤੀਜੀ ਪਹਿਲੀਆਂ ਵਰਗੀਆਂ ਹੀ ਨੀਚ ਤੇ ਕੁਹਜੀ ਜ਼ਰਬ ਉਸ ਅਕਾਲੀ ਸਿੱਖ ਨੂੰ ਮਾਰੀ, ਜਦ ਉਹ ਡਿੱਗੇ ਸਿੰਘ ਨੂੰ ਢਾਰਸ ਦੇਣ ਲਈ ਰੁਕਿਆ ਸੀ। ਇਸ ਜ਼ਰਬ ਨਾਲ ਉਹ ਸਿੰਘ ਉਸ ਨਿਢਾਲ ਤੇ ਬੇਹੋਸ਼ ਪਏ ਸਿੰਘ 'ਤੇ ਡਿੱਗ ਪਿਆ, ਜਿਸ ਨੂੰ ਉਠਾਉਣ ਲਈ ਵੈਗਨਾਂ ਤੋਂ ਦੋ ਵਰਕਰ ਵੀ ਆ ਚੁੱਕੇ ਸਨ। ਇਸ ਨੀਚ ਕਰਮ ਨੂੰ ਰੋਕਣ ਲਈ ਮੈਂ ਅੰਗਰੇਜ਼ ਅਫ਼ਸਰ ਨੂੰ ਕਿਹਾ, ਪਰ ਇਕ ਨਾ ਸੁਣੀ ਗਈ।

ਇਹ ਵਹਿਸ਼ੀਪੁਣਾ ਤੇ ਗੈਰ-ਇਨਸਾਨੀ ਕਰਤੂਤ ਦਾ ਬਿਆਨ ਕਰਨਾ ਹੋਰ ਵੀ ਮੁਸ਼ਕਿਲ ਹੋ ਜਾਂਦਾ ਹੈ, ਜਦ ਇਸ ਗੱਲ ਦਾ ਹਰ ਇਕ ਨੂੰ ਗਿਆਨ ਹੈ ਕਿ ਜਿਨ੍ਹਾਂ ਨੂੰ ਕੁੱਟਿਆ ਜਾ ਰਿਹਾ ਹੈ, ਉਹ ਵਾਹਿਗੁਰੂ ਦਾ ਜਾਪ ਕਰਦੇ ਆ ਰਹੇ ਸਨ ਤੇ ਉਨ੍ਹਾਂ ਪ੍ਰਣ ਕੀਤਾ ਹੋਇਆ ਸੀ ਕਿ 'ਬਚਨ ਤੇ ਕਰਮ' ਨਾਲ ਸ਼ਾਂਤ ਰਹਿਣਗੇ ਤੇ ਹੱਥ ਨਹੀਂ ਉਠਾਉਣਗੇ।

ਜਿਨ੍ਹਾਂ ਅਕਾਲੀ ਸਿੱਖਾਂ ਨੇ ਪਹਿਲਾਂ ਹਰਿਮੰਦਰ ਸਾਹਿਬ ਤੇ ਫ਼ਿਰ ਗੁਰੂ ਕੇ ਬਾਗ਼ ਵਿਚ ਸ਼ਾਂਤ ਰਹਿਣ ਦਾ ਪ੍ਰਣ ਕੀਤਾ, ਉਹ ਬਹੁਤ ਕਰਕੇ ਫ਼ੌਜੀ ਸਨ। ਉਹ ਫਲੇਡਰਜ਼, ਫ਼ਰਾਂਸ ਤੇ ਮੈਸੋਪੋਟਾਮੀਆ ਤੇ ਈਸਟ ਅਫ਼ਰੀਕਾ ਦੇ ਮੁਹਾਜ਼ਾਂ 'ਤੇ ਜੂਝ ਚੁੱਕੇ ਸਨ। ਉਹ ਹੁਣ ਉਨ੍ਹਾਂ ਅੰਗਰੇਜ਼ਾਂ ਹੱਥੋਂ ਹੀ ਮਾਰੇ ਜਾ ਰਹੇ ਸਨ, ਭਾਵੇਂ ਹਰ ਸੱਟ ਹੱਤਕ ਭਰੀ ਤੇ ਨਿਰਾਦਰੀ ਵਾਲੀ ਸੀ, ਪਰ ਜਿਵੇਂ ਉਹ ਖਿੜੇ ਮੱਥੇ ਭਾਣਾ ਮੰਨ ਰਹੇ ਸਨ, ਹਰ ਚੋਟ ਫ਼ਤਹਿ ਹੋ ਨਿਬੜ ਰਹੀ ਸੀ।"

੧੩ ਸਤੰਬਰ ੧੯੨੨ ਨੂੰ ਸਬਰ ਨੇ ਜ਼ਬਰ 'ਤੇ ਜਿੱਤ ਪਾ ਲਈ। ਜ਼ਬਰ ਹਾਰ ਗਿਆ ਅਤੇ ਡਾਂਗਾਂ ਦੀ ਮਾਰ-ਕੁਟਾਈ ਬੰਦ ਹੋ ਗਈ। ਇਕ ਵਾਰੀ ਸਭ 'ਤੇ ਪ੍ਰਗਟ ਹੋ ਗਿਆ ਕਿ ਸਿੱਖ ਉਹ ਹੀ ਹਨ। ਗਾਂਧੀ ਨੇ ਤਾਰ ਵੀ ਭੇਜ ਦਿੱਤੀ ਕਿ ਜੰਗ-ਏ-ਆਜ਼ਾਦੀ ਦੀ ਪਹਿਲੀ ਸ਼ਾਂਤਮਈ ਲੜਾਈ ਜਿੱਤੀ ਗਈ, ਵਧਾਈਆਂ।

ਡਾਂਗਾਂ ਤੋਂ ਬਾਅਦ ਗੋਲੀਆਂ ਦੀ ਵਾਰੀ ਆਈ। ਸਿੰਘਾਂ ਜੈਤੋ, ਵਿਚ ਹਿੱਕ ਡਾਹ ਦਿੱਤੀ। ਗੋਲੀ ਚਲਦੀ ਗਈ ਪਰ ਸਿੰਘ ਅੱਗੇ ਵਧਦੇ ਗਏ। ਪੰਦਰਾਂ ਮਿੰਟਾਂ ਵਿਚ ੬੭ ਸਿੰਘ ਸ਼ਹੀਦ ਹੋ ਗਏ। ਜੇ ਗੁਰੂ ਕੇ ਬਾਗ਼ ਸੀ.ਐਫ਼.ਐਂਡਰੀਊਜ਼ ਕੰਬ ਉਠੇ ਸਨ ਤਾਂ ਜੈਤੋ ਦੇ ਸਾਕੇ ਸੁਣ ਕੇ 'ਨਹਿਰੂ' ਜੀ ਭੜਕ ਪਏ। ਆ ਕੇ ਗ੍ਰਿਫ਼ਤਾਰੀ ਦਿੱਤੀ।

ਫ਼ਿਰ ੧੯੪੭ ਵਿਚ ਵੀ ਇਹ ਸਿੰਘ ਹੀ ਸਨ, ਜਿਨ੍ਹਾਂ ਸਦਕਾ ਅੱਧਾ ਪੰਜਾਬ ਤੇ ਅੱਧਾ ਬੰਗਾਲ ਬਚਿਆ। ਮੌਲਾਨਾ ਆਜ਼ਾਦ ਨੇ ਆਪਣੀ ਪੁਸਤਕ 'ਇੰਡੀਆ ਵਿਨਜ਼ ਫ਼ਰੀਡਮ' ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਕਾਂਗਰਸ ਤਾਂ ਜੋਨਾਂ ਬਣਾਉਣੀਆਂ ਮੰਨ ਕੇ ਸਾਰਾ ਪੰਜਾਬ ਤੇ ਸਾਰਾ ਬੰਗਾਲ, ਆਸਾਮ ਸਮੇਤ ਮੁਸਲਮ ਲੀਗ ਨੂੰ ਹਵਾਲੇ ਕਰਨ ਲਈ ਤਿਆਰ ਹੋ ਗਈ ਸੀ। ੨ ਮਾਰਚ ੧੯੪੭ ਨੂੰ ਮਾਸਟਰ ਤਾਰਾ ਸਿੰਘ ਨੇ ਨਾਅਰਾ ਲਗਾ ਕੇ ਅੱਧਾ ਪੰਜਾਬ ਤੇ ਸਾਰਾ ਕਸ਼ਮੀਰ ਬਚਾਅ ਲਿਆ। ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸਰਦਾਰ ਬਲਦੇਵ ਸਿੰਘ ਨੇ ਅਕਾਲ ਚਲਾਣੇ ਤੋਂ ਕੁਝ ਚਿਰ ਪਹਿਲਾਂ ਸ਼ਿਮਲਾ ਕਲੱਬ ਵਿਚ ਲੈਕਚਰ ਕਰਦਿਆਂ ਦੱਸਿਆ ਸੀ ਕਿ ਅੰਗਰੇਜ਼ ਤੇ ਮੁਹੰਮਦ ਅਲੀ ਜਿਨਾਹ, ਸਿੱਖਾਂ ਨੂੰ ਪੂਰਨ ਇਖ਼ਤਿਆਰਾਂ ਵਾਲੀ ਸਟੇਟ ਦੇਣ ਲਈ ਤਿਆਰ ਸਨ। ਉਹ ਸਿੱਖ ਹੀ ਸਨ ਜਿਨ੍ਹਾਂ ਸਾਫ਼ ਇਨਕਾਰ ਕਰ ਦਿੱਤਾ। ਫ਼ਿਰ ਇਕ ਘਟਨਾ ਵੀ ਸੁਣਾਈ, ਕਿ ਜਦ ਲੰਡਨ ਦੀ ਵਾਰਤਾ ੧੯੪੭ ਅਪ੍ਰੈਲ ਦੀ ਨਾ-ਕਾਮਯਾਬ ਹੋ ਗਈ ਤਾਂ ਨਹਿਰੂ ਜੀ ਉਠ ਕੇ ਚਲੇ ਗਏ, ਤਾਂ ਕਮਰੇ ਵਿਚ ਜਿਨਾਹ ਸਾਹਿਬ ਤੇ ਮੈਂ ਰਹਿ ਗਏ। ਮੇਜ਼ 'ਤੇ ਜੋ ਪੇਪਰ ਵੇਟ ਪਿਆ ਹੋਇਆ ਸੀ ਚੁੱਕ ਕੇ ਜਿਨਾਹ ਨੇ ਕਿਹਾ, ਬਲਦੇਵ ਸਿੰਘ ਭਾਵੇਂ ਇਤਨਾ ਹੀ ਹੋਵੇ, ਪਰ ਲੈਣਾ ਪਾਕਿਸਤਾਨ ਹੈ।

ਮਾਊਂਟ ਬੈਟਨ ਨੂੰ ਵੀ ਇਹ ਪਤਾ ਲੱਗ ਗਿਆ ਸੀ ਕਿ ਪਾਕਿਸਤਾਨ ਦਿੱਤੇ ਬਗੈਰ ਗੱਲ ਸਿਰੇ ਨਹੀਂ ਚੜ੍ਹਨੀ, ਕੈਂਬਲ ਜਾਨਸਨ ਨੇ ਜਦ ਮੀਟਿੰਗ ਦੀ ਸਮਾਪਤੀ ਉਪਰੰਤ ਡੂਡਲਜ਼ (ਚੀਚ ਘਚੋਲੀਆਂ, ਜੋ ਮਨੁੱਖ ਵਿਹਲੇ ਕਾਗਜ਼ 'ਤੇ ਖਿਚਦਾ ਰਹਿੰਦਾ ਹੈ) ਇਕੱਠੇ ਕੀਤੇ ਸਨ ਤਾਂ ਮੁਹੰਮਦ ਅਲੀ ਜਿਨਾਹ ਨੇ ਇਕ ਮਾਹੌਲ ਬਣਾ ਕੇ, ਉਤੇ ਹਲਾਲੀ ਝੰਡਾ ਲਹਿਰਾਇਆ ਹੋਇਆ ਸੀ, ਪਾਕਿਸਤਾਨ ਜ਼ਿੰਦਾਬਾਦ। ਅੱਜ ਭਾਵੇਂ ਕੋਈ ਮਰਜ਼ੀ ਪਿਆ ਆਖੇ, ਪਰ ਇਹ ਸੱਚਾਈ ਹੈ ਕਿ ਸਿੱਖ ਆਗੂ ਜੇ ਸਿਆਣਪ ਨਾਲ ਮੋਹਰੇ ਖੇਡਦੇ, ਤਾਂ ਕੌਮ ਲਈ ਇੱਜ਼ਤ ਵਾਲੀ ਥਾਂ ਪ੍ਰਾਪਤ ਕਰਵਾ ਸਕਦੇ ਸਨ। ■■

# ਸਿਹਤ ਸਾਰ : ਆਪਣੇ ਘਰਾਂ ’ਚੋਂ ਕੱਢੋ ਚਾਰ ਦੁਸ਼ਮਣਾਂ ਨੂੰ

ਸਾਡੇ ਹਰੇਕ ਦੇ ਘਰ ਵਿਚ ਚਾਰ ਸਾਡੇ ਜਾਨੀ ਦੁਸ਼ਮਣ ਪੱਕੇ ਮੋਰਚੇ ਗੱਡੀ ਬੈਠੇ ਹਨ। ਇਨ੍ਹਾਂ ਚਾਰ ਦੁਸ਼ਮਣਾਂ ਦੇ ਨਾਂਅ ਹਨ;

• **ਆਯੋਡੀਨ ਨਮਕ (ਸਮੁੰਦਰੀ ਨਮਕ)** : ਇਸ ਦੀ ਵਰਤੋਂ ਕਰਨੀ ਹਰ ਪੱਖੋਂ ਮਨੁੱਖੀ ਸਿਹਤ ਲਈ ਨੁਕਸਾਨਦੇਹ ਹੈ। ਇਹ ਬਲੱਡ ਪ੍ਰੈਸ਼ਰ, ਥਾਇਰਾਇਡ ਅਤੇ ਨਾਮਰਦੀ ਦਾ ਪ੍ਰਮੁੱਖ ਕਾਰਨ ਹੈ। ਆਯੋਡੀਨ ਨਮਕ ਦੀ ਥਾਂ ਡਲੀਆਂ ਵਾਲਾ ਸੇਂਧਾ ਨਮਕ ਹੀ ਵਰਤਣਾ ਚਾਹੀਦਾ ਹੈ। ਇਸ ਨੂੰ ਘਰ ਵਿਚ ਮਿਕਸੀ ਵਿਚ ਪੀਸ ਕੇ ਵੀ ਵਰਤਿਆ ਜਾ ਸਕਦਾ ਹੈ।

• **ਰਿਫ਼ਾਈਂਡ ਦਾ ਤੇਲ** : ਇਸ ਦੇ ਨਾਲ ਨਾਮਰਦੀ, ਜੋੜਾਂ ਦੇ ਰੋਗ ਅਤੇ ਦਿਲ ਦੇ ਰੋਗ ਲੱਗਦੇ ਹਨ। ਰਿਫ਼ਾਈਂਡ ਤੇਲ ਦੀ ਵਰਤੋਂ ਜਦੋਂ ਤੋਂ ਘਰਾਂ ਵਿਚ ਹੋਣ ਲੱਗੀ ਹੈ, ਉਦੋਂ ਤੋਂ ਸਾਡੇ ਘਰਾਂ ਵਿਚੋਂ ਤੰਦਰੁਸਤੀ ਖੰਭ ਲਾ ਕੇ ਉੱਡ ਗਈ ਹੈ। ਇਸ ਵਾਸਤੇ ਘਰਾਂ ਵਿਚ ਸਰ੍ਹੋਂ, ਮੂੰਗਫ਼ਲੀ ਅਤੇ ਤਿਲਾਂ ਦੇ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ। ਹਰ ਸੰਭਵ ਕੋਸ਼ਿਸ਼ ਕਰੋ ਕਿ ਤੇਲ ਖੁਦ ਹੀ ਕਢਵਾ ਕੇ ਲਿਆਂਦਾ ਜਾਵੇ। ਇਹ ਬਹੁਤ ਲਾਭਕਾਰੀ ਹੁੰਦਾ ਹੈ।

• **ਖੰਡ (ਚੀਨੀ)** : ਖੰਡ/ ਚੀਨੀ ਵਰਗਾ ਜ਼ਹਿਰ ਹੋਰ ਕੋਈ ਨਹੀਂ ਹੈ। ਸਾਰੇ ਹੀ ਲੋਕ ਖੰਡ ਦੀ ਵਰਤੋਂ ਘਰਾਂ ਵਿਚ ਕਰਦੇ ਹਨ। ਖੰਡ ਕਿੰਨੀ ਖ਼ਤਰਨਾਕ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਇਸ ਦੇ ਨਾਲ ੧੦੩ ਤਰ੍ਹਾਂ ਦੀਆਂ ਬਿਮਾਰੀਆਂ ਲੱਗਦੀਆਂ ਹਨ। ਇਸ ਵਿਚ ਸਲਫ਼ਰ, ਫ਼ਾਰਮੋਲਿਨ ਅਤੇ ਫ਼ਾਸਫੋਰਿਕ ਐਸਿਡ ਹੁੰਦਾ ਹੈ। ਖੰਡ ਅਜਿਹਾ ਜ਼ਹਿਰ ਹੈ ਜਿਸ ਨੂੰ ਹਰ ਕੋਈ ਘਰ ਦੀ ਵਰਤੋਂ ਵਿਚ ਆਉਣ ਵਾਲੀ ਬਹੁਤ ਲੋੜੀਂਦੀ ਰਸਦ ਵਜੋਂ ਮੁੱਲ ਖਰੀਦ ਕੇ ਘਰ ਲਿਆਉਂਦਾ ਹੈ। ਇਸ ਕਰਕੇ ਖੰਡ ਨੂੰ ਆਪਣੀ ਜ਼ਿੰਦਗੀ ਵਿਚੋਂ ਬਿਲਕੁਲ ਅਲਵਿਦਾ ਕਹਿਣ ਵਿਚ ਹੀ ਤੰਦਰੁਸਤੀ ਦਾ ਰਾਜ਼ ਲੁਕਿਆ ਹੋਇਆ ਹੈ। ਇਸ ਦੀ ਜਗ੍ਹਾ ’ਤੇ ਦੇਸੀ ਗੁੜ, ਦੇਸੀ ਖੰਡ ਜਾਂ ਸ਼ਹਿਦ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਦੇਸੀ ਖੰਡ ਆਰਗੈਨਿਕ ਹੋਵੇ ਤਾਂ ਸੋਨੇ ’ਤੇ ਸੁਹਾਗਾ ਹੈ।

• **ਐਲੂਮੀਨੀਅਮ** : ਐਲੂਮੀਨੀਅਮ ਦੇ ਭਾਂਡੇ ਵਰਤਣ ਨਾਲ ੪੮ ਤਰ੍ਹਾਂ ਦੀਆਂ ਬਿਮਾਰੀਆਂ ਲੱਗਣ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ, ਜਿਨ੍ਹਾਂ ਵਿਚੋਂ ਕੈਂਸਰ ਅਤੇ ਸ਼ੂਗਰ ਵਰਗੀਆਂ ਨਾਮੁਰਾਦ ਬਿਮਾਰੀਆਂ ਤਾਂ ਸਾਡੇ ਸਭ ਦੇ ਸਾਹਮਣੇ ਹੀ ਹਨ। ਭਾਰਤ ’ਤੇ ਜਦੋਂ ਅੰਗਰੇਜ਼ਾਂ ਦਾ ਰਾਜ ਸੀ ਤਾਂ ਉਸ ਵੇਲੇ ਜੇਲ੍ਹਾਂ ਵਿਚ ਬੰਦ ਭਾਰਤੀ ਕੈਦੀਆਂ ਨੂੰ ਐਲੂਮੀਨੀਅਮ ਦੇ ਭਾਂਡਿਆਂ ਵਿਚ ਭੋਜਨ ਦਿੱਤਾ ਜਾਂਦਾ ਸੀ, ਤਾਂ ਜੋ ਉਨ੍ਹਾਂ ਨੂੰ ਖਾਧਾ-ਪੀਤਾ ਭੋਜਨ ਊਰਜਾ ਨਾ ਦੇਵੇ। ਅੱਜ ਸਾਡੇ ਘਰਾਂ ਵਿਚ ਐਲੂਮੀਨੀਅਮ ਦੇ ਭਾਂਡਿਆਂ ਦਾ ਪੂਰਾ ਰਾਜ ਹੈ, ਜਿਸ ਕਰਕੇ ਹਰੇਕ ਘਰ ਵਿਚ ਬਿਮਾਰੀਆਂ ਨੇ ਬੁਰੀ ਤਰ੍ਹਾਂ ਆਪਣਾ ਕਬਜ਼ਾ ਕੀਤਾ ਹੋਇਆ ਹੈ। ਸੋ, ਬਿਮਾਰੀਆਂ ਤੋਂ ਬਚਣ ਲਈ ਐਲੂਮੀਨੀਅਮ ਦੇ ਭਾਂਡਿਆਂ ਦੀ ਵਰਤੋਂ ਨੂੰ ਬਿਲਕੁਲ ਤਿਆਗ ਦੇਵੋ।

**-ਡਾ. ਅਮਰੀਕ ਸਿੰਘ ਕੰਡਾ, ਮੋਗਾ।**

# ਜਥੇਬੰਦੀ ਦੇ ਅੰਦਰੂਨੀ ਮਸਲਿਆਂ ਸਬੰਧੀ ਸੋਸ਼ਲ ਮੀਡੀਆ ’ਤੇ ਨੀਵੇਂ ਪੱਧਰ ਦਾ ਕੂੜ ਪ੍ਰਚਾਰ ਬੰਦ ਹੋਵੇ

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ॥

ਹਰ ਪਰਿਵਾਰ ਜਾਂ ਸੰਸਥਾ ਵਿਚ ਵਿਚਾਰਾਂ ਦਾ ਵਖਰੇਵਾਂ ਹੋਣਾ ਲਾਜ਼ਮੀ ਹੈ। ਸਤਿਕਾਰਯੋਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਵੇਲੇ ਵੀ ਕਈ ਗੁਰਸਿੱਖਾਂ ਦੇ ਆਪਸ ਵਿਚ ਵਖਰੇਵੇਂ ਹੁੰਦੇ ਸਨ ਪਰ ਸਾਰੇ ਗੁਰਸਿੱਖ ਇਕ-ਦੂਸਰੇ ਦੇ ਔਗੁਣਾਂ ਨੂੰ ਅਣਡਿੱਠ ਕਰਕੇ, ਵਖਰੇਵੇਂ ਭੁਲਾ ਕੇ ਕੇਵਲ ਗੁਣਾਂ ਦੀ ਸਾਂਝ ਹੀ ਰੱਖਦੇ ਸਨ। ਪਿਛਲੇ ਕੁਝ ਸਮੇਂ ਤੋਂ ਕੁਝ ਕੁ ਗੁਰਸਿੱਖਾਂ, ਖ਼ਾਸ ਕਰ ਵਿਦੇਸ਼ਾਂ ਵਿਚ ਬੈਠੇ ਕੁਝ ਨੌਜਵਾਨਾਂ ਵਲੋਂ ਸੋਸ਼ਲ ਮੀਡੀਆ ’ਤੇ ਗੁੰਮਨਾਮ ਤੌਰ ’ਤੇ ਫੇਸਬੁੱਕ ਅਤੇ ਵੱਟਸਐਪ ਗਰੁੱਪਾਂ ਵਿਚ ਅਖੰਡ ਕੀਰਤਨੀ ਜਥੇ ਵਿਚ ਚੱਲ ਰਹੇ ਮਤਭੇਦਾਂ ਅਤੇ ਵਖਰੇਵਿਆਂ ਨੂੰ ਉਛਾਲ ਕੇ ਜਥੇ ਵਿਚ ਦੁਬਿਧਾ ਖੜ੍ਹੀ ਕੀਤੀ ਜਾ ਰਹੀ ਹੈ। ਗੱਲ ਸਿਰਫ਼ ਸਿਧਾਂਤਕ ਮੁੱਦਿਆਂ ਅਤੇ ਵਖਰੇਵਿਆਂ ਤੱਕ ਹੀ ਸੀਮਤ ਨਹੀਂ ਰਹੀ, ਬਲਕਿ ਸਿਆਸੀ ਲੋਕਾਂ ਨਾਲੋਂ ਵੀ ਨੀਵੀਂ ਪੱਧਰ ਦੀ ਕੋਝੀ ਭਾਸ਼ਾ ਵਰਤ ਕੇ, ਨਿੱਜੀ ਦੂਸ਼ਣਬਾਜ਼ੀ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ ਅਤੇ ਇੱਥੋਂ ਤੱਕ ਕਿ ਕਿਸੇ ਦੀਆਂ ਧੀਆਂ-ਭੈਣਾਂ ਨੂੰ ਵੀ ਨਹੀਂ ਬਖ਼ਸ਼ਿਆ ਜਾ ਰਿਹਾ। ਜਥੇ ਦੇ ਨਾਮ ਹੇਠ ਸੋਧ ਸੁਧਾਈ ਜਾਂ ਸੁਧਾਰ ਲਹਿਰਾਂ ਬਣਾ ਕੇ ਪਤਾ ਨਹੀਂ ਕਿਹੜੇ ਪੰਥ ਦੀ ਸੇਵਾ ਉਨ੍ਹਾਂ ਵਲੋਂ ਕੀਤੀ ਜਾ ਰਹੀ ਹੈ?

ਗੁਰਬਾਣੀ ਦਾ ਫ਼ੁਰਮਾਨ ਹੈ: “ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥ ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥੬॥” “ਕਿਸੈ ਕੀ ਨਾਹੀ” ਸ਼ਬਦ ਹਰ ਪ੍ਰਾਣੀ ਮਾਤਰ ਸਬੰਧੀ ਹੈ, ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ ਜਾਂ ਕਿਸੇ ਤਰ੍ਹਾਂ ਦਾ ਵੀ ਚੰਗਾ-ਮਾੜਾ ਹੋਵੇ। ਇਸੇ ਤਰ੍ਹਾਂ ਗੁਰਬਾਣੀ ਵਿਚ ਨਿੰਦਕਾਂ ਬਾਰੇ ਬੇਅੰਤ ਪ੍ਰਮਾਣ ਹਨ ਕਿ ਨਿੰਦਾ ਕਰਨ ਵਾਲਾ ਸਿੱਧਾ ਨਰਕ ਦਾ ਹੀ ਨਿਵਾਸੀ ਬਣਦਾ ਹੈ।ਪਤਾ ਨਹੀਂ, ਕਿਸੇ ਦੀ ਨਿੰਦਾ ਕਰਨ ਵੇਲੇ ਸਾਨੂੰ ਕਿਉਂ ਨਹੀਂ ਭੈਅ ਆਉਂਦਾ ਕਿ ਸਾਡਾ ਕੀ ਹਾਲ ਹੋਵੇਗਾ? ਕਿਸੇ ਵੀ ਗੁਰਮਤਿ ਸਿਧਾਂਤ, ਮਸਲੇ ਜਾਂ ਵਿਸ਼ੇ ’ਤੇ ਗੁਰਬਾਣੀ ਜਾਂ ਹੋਰ ਠੋਸ ਦਲੀਲਾਂ ਨਾਲ ਆਪਣੇ ਵਿਚਾਰ ਪ੍ਰਗਟ ਕਰਨੇ ਮਾੜੇ ਨਹੀਂ ਪਰ ਕਿਸੇ ’ਤੇ ਨਿੱਜੀ ਦੂਸ਼ਣਬਾਜ਼ੀ ਕਰਨਾ ਜਾਂ ਮਾੜਾ-ਚੰਗਾ ਬੋਲਣਾ ਉਸ ਦੀ ਨਿੰਦਾ ਕਰਨ ਦੇ ਤੁੱਲ ਹੀ ਹੈ। ਜੇਕਰ ਕਿਸੇ ਵਲੋਂ ਕੀਤੀ ਕੁਰਹਿਤ ਜਾਂ ਚੰਗੇ-ਮਾੜੇ ਕੀਤੇ ਕੰਮ ਬਾਰੇ ਤੁਹਾਡੇ ਕੋਲ ਠੋਸ ਸਬੂਤ ਹਨ ਤਾਂ ਉਸ ਦੇ ਭਲੇ ਲਈ ਪਹਿਲਾਂ ਉਸ ਨੂੰ ਨਿੱਜੀ ਤੌਰ ’ਤੇ ਪੰਚਾਂ ਅੱਗੇ ਪੇਸ਼ ਹੋ ਕੇ ਭੁੱਲ ਬਖ਼ਸ਼ਾਉਣ ਲਈ ਪ੍ਰੇਰੋ। ਜੇ ਨਹੀਂ ਸਮਝਦਾ ਤਾਂ ਸਬੂਤਾਂ ਸਮੇਤ ਪੰਚਾਂ ਕੋਲ ਮਸਲਾ ਉਠਾਇਆ ਜਾਵੇ ਜੋ ਕਿ ਮਰਯਾਦਾ ਅਨੁਸਾਰ ਯੋਗ ਕਾਰਵਾਈ ਕਰਨ ਲਈ ਅਧਿਕਾਰਤ ਹਨ। ਇਸੇ ਤਰ੍ਹਾਂ ਜਥੇਬੰਦੀ ਨਾਲ ਪ੍ਰਬੰਧਕੀ ਮਸਲੇ ਜਾਂ ਸਿਧਾਂਤਕ ਵਖਰੇਵੇਂ ਵੀ ਸਥਾਨਕ ਪ੍ਰਬੰਧਕਾਂ ਰਾਹੀਂ ਜਥੇ ਦੇ ਮੁਖੀ ਜਾਂ ਕੇਂਦਰੀ ਕਮੇਟੀ ਦੇ ਮੈਂਬਰਾਂ ਕੋਲ ਉਠਾਏ ਜਾਣ ਪਰ ਕਿਸੇ ਵੀ ਹਾਲਤ ਵਿਚ ਅਜਿਹੇ ਮਸਲੇ ਸੋਸ਼ਲ ਮੀਡੀਆ ’ਤੇ ਨਾ ਉਛਾਲੇ ਜਾਣ।

੫ ਜਨਵਰੀ ੧੯੯੪ ਨੂੰ ਲੁਧਿਆਣਾ ਸਮਾਗਮ ਦੌਰਾਨ, ਜਥੇ ਵਿਚ ਪਈ ਦੁਬਿਧਾ ਦੂਰ ਕਰਨ ਸਬੰਧੀ ਪੰਚਾਂ ਵਲੋਂ ਜਾਰੀ ਕੀਤੇ ਇਕ ਹੁਕਮਨਾਮੇ ਅਨੁਸਾਰ ਜਥੇ ਸਬੰਧੀ ਕੋਈ ਵੀ ਖ਼ਬਰ ਕਿਸੇ ਅਖ਼ਬਾਰ ਜਾਂ ਰਸਾਲੇ (ਸੂਰਾ ਮਾਸਿਕ ਪੱਤਰ ਨੂੰ ਛੱਡ ਕੇ ) ਵਿਚ ਦੇਣ ’ਤੇ ਪਾਬੰਦੀ ਲਾਈ ਹੋਈ ਹੈ। ਇਹ ਹੁਕਮਨਾਮਾ ਅੱਜ ਦੇ ਸੋਸ਼ਲ ਮੀਡੀਆ ’ਤੇ ਵੀ ਲਾਗੂ ਹੁੰਦਾ ਹੈ। ਸੋ ਸਾਨੂੰ ਪੰਚਾਂ ਦੇ ਹੁਕਮ ਨੂੰ ਸਿਰ ਮੱਥੇ ਮੰਨ ਕੇ ਕਿਸੇ ਵੀ ਵਿਅਕਤੀ ਦੀ ਨਿੰਦਾ ਚੁਗਲੀ, ਦੂਸ਼ਣਬਾਜ਼ੀ ਤੇ ਮਾੜੀ ਭਾਸ਼ਾ ਵਰਤਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਹੀ ਸਾਨੂੰ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਹੋਣਗੀਆਂ ਅਤੇ ਸਾਡੀ ਆਤਮਿਕ ਅਵਸਥਾ ਵੀ ਉੱਚੀ ਹੋਵੇਗੀ। ਦਾਸ ਦੀ ਜਥੇ ਦੇ ਸਾਰੇ ਸਤਿਕਾਰਯੋਗ ਮੈਂਬਰਾਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਦੋਂ ਕੋਈ ਵੀ ਵਿਅਕਤੀ ਫੇਸਬੁੱਕ ਜਾਂ ਵੱਟਸਐਪ ਗਰੁੱਪ ਵਿਚ ਕਿਸੇ ਵੀ ਮੈਂਬਰ ਵਿਰੁੱਧ ਕੋਝੀ ਭਾਸ਼ਾ ਵਰਤ ਕੇ ਨਿੱਜੀ ਦੂਸ਼ਣਬਾਜ਼ੀ ਕਰਦਾ ਹੈ ਤਾਂ ਉਸ ਮੈਸੇਜ ਨੂੰ ਬਾਕੀ ਮੈਂਬਰਾਂ ਜਾਂ ਸੰਗਤ ਵਿਚ ਬਿਲਕੁਲ ਸ਼ੇਅਰ ਨਾ ਕੀਤਾ ਜਾਵੇ ਅਤੇ ਜਥੇ ਵਿਚ ਘੁਸਪੈਠ ਕਰਕੇ ਦੁਬਿਧਾ ਪਾਉਣ ਵਾਲੇ ਅਜਿਹੇ ਮਾੜੇ ਅਨਸਰਾਂ ਨੂੰ ਸੰਗਤਾਂ ਵਿਚ ਨਸ਼ਰ ਕੀਤਾ ਜਾਵੇ।

**ਭੁੱਲ ਚੁੱਕ ਲਈ ਖਿਮਾ ਦੀ ਜਾਚਨਾ**
**ਦਾਸਨ ਦਾਸ ਗੁਰਦੀਪ ਸਿੰਘ ਸ੍ਰੀ ਅੰਮ੍ਰਿਤਸਰ**
**ਫ਼ੋਨ ਨੰਬਰ: ੯੪੬੩੮-੨੭੫੯੭.**

# 'ਸੋ ਕਹੀਅਤ ਹੈ ਸੂਰਾ' ਡਿਜ਼ੀਟਲ ਰੂਪ 'ਚ ਪ੍ਰਾਪਤ ਕਰੋ

'ਸੋ ਕਹੀਅਤ ਹੈ ਸੂਰਾ' ਗੁਰਮਤਿ ਮਾਸਿਕ ਪੱਤਰ ਹੁਣ ਡਿਜ਼ੀਟਲ ਰੂਪ ਵਿਚ ਆਪਣਾ ਵਿਸਥਾਰ ਕਰਨ ਜਾ ਰਿਹਾ ਹੈ। ਸੰਸਾਰ ਪੱਧਰ 'ਤੇ ਵਾਤਾਵਰਨ ਵਿਗਾੜ ਨੂੰ ਦੇਖਦਿਆਂ ਕਾਗਜ਼ ਦੀ ਬੱਚਤ ਕਰਨ ਹਿੱਤ, ਡਾਕਘਰਾਂ ਰਾਹੀਂ 'ਸੋ ਕਹੀਅਤ ਹੈ ਸੂਰਾ' ਦੇਰ ਨਾਲ ਪਾਠਕਾਂ ਨੂੰ ਮਿਲਣ ਅਤੇ ਗੁਰਬਾਣੀ ਦੀ ਬੇਅਦਬੀ ਦੇ ਖਦਸ਼ੇ ਆਦਿ ਪਹਿਲੂਆਂ ਦੇ ਮੱਦੇਨਜ਼ਰ ਅਸੀਂ ਹੁਣ ਇਸ ਮਾਸਿਕ ਪੱਤਰ ਦਾ ਡਿਜ਼ੀਟਲ ਰੂਪ ਵਿਚ ਵਿਸਥਾਰ ਕਰਨ ਦਾ ਫ਼ੈਸਲਾ ਕੀਤਾ ਹੈ। ਜਿਹੜੇ ਮੈਂਬਰ 'ਸੋ ਕਹੀਅਤ ਹੈ ਸੂਰਾ' ਡਾਕ ਰਾਹੀਂ ਹੀ ਲੈਣਾ ਚਾਹੁਣਗੇ, ਉਨ੍ਹਾਂ ਨੂੰ ਮਾਸਿਕ ਪੱਤਰ ਉਨ੍ਹਾਂ ਦੀ ਮਰਜ਼ੀ ਅਨੁਸਾਰ ਡਾਕ ਰਾਹੀਂ ਹੀ ਭੇਜਿਆ ਜਾਵੇਗਾ, ਪਰ ਜਿਹੜੇ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਮਹੀਨੇ ਸਮੇਂ ਸਿਰ 'ਸੋ ਕਹੀਅਤ ਹੈ ਸੂਰਾ' ਦਾ ਡਿਜ਼ੀਟਲ ਅੰਕ ਵਟਸਐਪ ਰਾਹੀਂ ਭੇਜਿਆ ਜਾਵੇ, ਉਹ ਕਿਰਪਾ ਕਰਕੇ ਆਪੋ ਆਪਣੇ ਵਟਸਐਪ ਨੰਬਰ ਸਾਡੇ ਵਟਸਐਪ ਨੰਬਰ: 93577-23874 'ਤੇ ਭੇਜਣ ਦੀ ਕਿਰਪਾਲਤਾ ਕਰਨ ਜੀ।

**SO KAHIYAT HAI SOORA is Online available at:**
**1.www.akj.org 2.www.akjmagazine.com**
**3.Face book 4.Whatsapp**




# ਟੀ.ਵੀ. ਇਕ ਭਿਆਨਕ ਰੋਗ

ਕਹਿੰਦੇ ਹਨ ਜੇਕਰ ਕਿਸੇ ਕੌਮ ਨੂੰ ਸਰੀਰਕ, ਮਾਨਸਿਕ, ਆਤਮਿਕ ਤੌਰ 'ਤੇ ਤਬਾਹ ਕਰਨਾ ਹੋਵੇ ਤਾਂ ਉਸ ਕੌਮ ਦੇ ਨੌਜਵਾਨਾਂ ਨੂੰ ਨਸ਼ਿਆਂ 'ਚ ਗ੍ਰਸ ਦਿਉ, ਸਾਹਿਤ ਉਹ ਉਨ੍ਹਾਂ ਤੱਕ ਪੁਚਾਵੋ, ਜਿਹੜਾ ਅਸ਼ਲੀਲ ਹੋਵੇ, ਭਰਮ-ਭੁਲੇਖਿਆਂ 'ਚ ਪਾਉਂਦਾ ਹੋਵੇ, ਧਰਮ ਤੋਂ ਪਰੇ ਲਿਜਾਂਦਾ ਹੋਵੇ। ਅਤੇ ਮਾਸ ਮੀਡੀਆ (ਜਨਤਕ ਮਾਧਿਅਮ) ਰਾਹੀਂ ਨੌਜਵਾਨਾਂ ਦੀ ਵਿਚਾਰਧਾਰਾ ਨੂੰ ਬਦਲ ਕੇ ਰੱਖ ਦਿਉ।

**"ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥...॥੭॥"**

**(ਰਾਗੁ ਸੂਹੀ ਮਹਲਾ ੩ ਘਰੁ ੧੦, ਪੰਨਾ : ੭੫੫)**

ਟੀ.ਵੀ. 'ਤੇ ਜੋ ਅੱਜ-ਕੱਲ੍ਹ ਫ਼ਿਲਮਾਂ ਦਿਖਾਈਆਂ ਜਾਂਦੀਆਂ ਹਨ, ਗਾਣੇ ਗਾਏ ਜਾਂਦੇ ਹਨ, ਉਹ ਸਭ ਕਾਮ-ਉਕਸਾਊ ਅਤੇ ਹਿੰਸਾ-ਭੜਕਾਊ ਹਨ। ਜਿਹੜੀਆਂ ਰਮਾਇਣ ਅਤੇ ਮਹਾਂਭਾਰਤ ਦੀਆਂ ਸੀਰੀਜ਼ ਸਾਲਾਂ-ਬੱਧੀ ਦਿਖਾਈਆਂ ਗਈਆਂ ਸਨ, ਉਹ ਸਭ ਸਿੱਖ ਸੱਭਿਆਚਾਰ ਦੀ ਥਾਂ ਪੁਰਾਣੇ ਮਿਥਿਹਾਸਕ ਹਿੰਦੂ ਸੱਭਿਆਚਾਰ ਨੂੰ ਹੀ ਉਜਾਗਰ ਕਰਨਾ ਸੀ।

ਉਸ ਦਾ ਅਸਰ ਸਿੱਖ ਬੱਚਿਆਂ, ਨੌਜਵਾਨਾਂ, ਮਾਪਿਆਂ 'ਤੇ ਬਹੁਤ ਭਿਆਨਕ ਪੈ ਚੁੱਕਾ ਹੈ। ਉਸ ਦੇ ਪ੍ਰਭਾਵ ਹੇਠ ਸਿੱਖ ਉਹੀ ਕੁਝ ਕਰਨ ਲੱਗ ਪਏ ਹਨ ਅਤੇ ਉਹ ਬਿਪਰਨ ਦੀਆਂ ਰੀਤਾਂ ਕਰੀ ਜਾਂਦੇ ਹਨ, ਜਿਨ੍ਹਾਂ ਤੋਂ ਗੁਰੂ ਸਾਹਿਬਾਨ ਨੇ ਸਾਨੂੰ ਰੋਕਿਆ ਹੋਇਆ ਹੈ। ਸਿੱਖ ਗੁਰੂ ਵਾਲੀ ਪ੍ਰਤੀਤ ਖੋ ਬੈਠੇ ਹਨ। ਨਾਂਅ ਦੇ ਹੀ ਭੇਖੀ ਸਿੱਖ ਬਣੇ ਹੋਏ ਹਨ। ਕੋਈ ਵਿਰਲੇ ਹੀ ਹਨ ਜਿਨ੍ਹਾਂ 'ਚ ਸਿੱਖੀ ਦਾ ਉੱਚਾ, ਸੁੱਚਾ ਆਚਰਨ ਕਾਇਮ ਹੈ। ਇਹੀ ਕਾਰਨ ਹੈ ਕਿ 'ਸਰਕਾਰ' ਪੰਜਾਬ ਅਤੇ ਪੰਥ ਦੇ 'ਹੱਕ' ਦੇਣ ਨੂੰ ਭੀ ਤਿਆਰ ਨਹੀਂ। ਅਕ੍ਰਿਤਘਣਾਂ, ਵਿਸ਼ਵਾਸ-ਘਾਤੀਆਂ ਨੇ ਜੋ ਸਿੱਖਾਂ ਨਾਲ ਇਕਰਾਰ ਕੀਤੇ ਸਨ, ਉਨ੍ਹਾਂ ਨੂੰ ਭੀ ਭੁਲਾ ਛੱਡਿਆ ਹੈ।

ਗੁਰਬਾਣੀ ਦਾ ਵਿਉਪਾਰ ਹੋ ਰਿਹਾ ਹੈ। ਕੀਤੇ-ਕਰਾਏ ਪਾਠ, ਕੱਢੇ-ਕਢਾਏ ਵਾਕ ਵੇਚੇ ਤੇ ਖਰੀਦੇ ਜਾ ਰਹੇ ਹਨ। ਪਤਿਤਪੁਣਾ ਵੱਧਦਾ ਜਾ ਰਿਹਾ ਹੈ। ਨਸ਼ਿਆਂ ਦੀ ਵਰਤੋਂ ਆਮ ਸਿੱਖ ਕਰਦੇ ਹਨ, ਹਾਲਾਂਕਿ ਗੁਰੂ ਸਾਹਿਬਾਨ ਦਾ ਫੁਰਮਾਨ ਹੈ -

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥**

**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ (ਸਿਰੀਰਾਗੁ ਮਹਲਾ ੧, ਪੰਨਾ : ੧੬)**

ਕੁਰਹਿਤਾਂ ਦੀ ਬਿਮਾਰੀ ਤਾਂ ਹੁਣ ਭਿਆਨਕ ਦਸ਼ਾ 'ਚ ਅੱਪੜ ਗਈ ਹੈ। ਸੱਚ ਅਤੇ ਉੱਚੇ ਆਚਾਰ ਨੂੰ ਅਪਨਾਉਣ ਦੀ ਥਾਂ ਰਿਸ਼ਵਤਾਂ ਬੇਈਮਾਨੀ ਨੂੰ ਹੀ ਚੰਗਾ ਸਮਝਿਆ ਜਾ ਰਿਹਾ ਹੈ। ਬੁੱਧੀਜੀਵੀ, ਪੰਥ-ਸੇਵਕਾਂ ਦੀ ਇਕੱਤ੍ਰਤਾ ਕਰਕੇ ਉਪਾਅ ਸੋਚੇ/ਕੀਤੇ ਜਾਣੇ ਚਾਹੀਦੇ ਹਨ, ਇਹ ਵਕਤ ਦੀ ਬਹੁਤ ਵੱਡੀ ਲੋੜ ਹੈ। ਕਿਸੇ ਨੇ ਸੱਚੀ ਚੋਭ ਮਾਰੀ ਹੈ ਕਿ ਸਿੱਖ ਤਾਂ ਸ਼ੇਰ ਹਨ, ਪਰ ਉਨ੍ਹਾਂ ਦੀ ਅਗਵਾਈ ਖੋਤੇ ਕਰ ਰਹੇ ਹਨ।

**ਪ੍ਰਿੰਸੀਪਲ ਬਖਤਾਵਰ ਸਿੰਘ (ਜਲੰਧਰ)**

Postal Registration No.CHD/0178/2015-2017

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥੧॥

